ੴ ਸਤਿਗੁਰ ਪ੍ਰਸਾਦਿ।।

ੴ ਸਤਿਗੁਰ ਪ੍ਰਸਾਦਿ॥

LOVE ALL SERVE ALL

NIRMAL ASHRAM
RISHIKESH

# ਨਿਰਮਲ ਆਸ਼ਰਮ
# ਰਿਸ਼ੀਕੇਸ਼

੧ੴ ਸਤਿਗੁਰ ਪ੍ਰਸਾਦਿ ॥

ਨਿਰਮਲ ਪੰਥ ਚਲਾਇਓ ਏਕ ਵਿਵੇਕ ਭਗਤ ਦ੍ਰਿੜਾਈ। ਕਲਿਯੁਗ ਨਾਨਕ ਕਲਾ ਦਿਖਾਈ।

# ਨਿਰਮਲ ਪੰਥ : ਸੰਖੇਪ ਜਾਣਕਾਰੀ

15ਵੀਂ ਸਦੀ ਵਿੱਚ ਭਾਰਤ ਵਰਸ਼ ਦੀ ਧਾਰਮਿਕ, ਸਮਾਜਿਕ ਅਤੇ ਰਾਜਸੀ ਹਾਲਤ ਅਤੀ-ਦਰਦਨਾਕ ਸੀ। ਉਸ ਸਮੇਂ ਦੇ ਹੁਕਮਰਾਨ ਅਪਣਾ ਦੀਨ-ਈਮਾਨ ਛੱਡ ਕੇ ਸ਼ੈਤਾਨ ਦਾ ਰੂਪ ਹੋ ਚੁੱਕੇ ਸਨ। ਰਾਜਸੀ ਤਾਕਤਵਰ ਲੋਕ, ਧੱਕੇ ਅਤੇ ਹਿੱਕ ਦੇ ਜ਼ੋਰ ਨਾਲ, ਸਾਰੇ ਮਨੁੱਖੀ ਸਮਾਜ ਉੱਤੇ ਹਰ ਤਰ੍ਹਾਂ ਭਾਰੂ ਸਨ। ਮਨੁੱਖ-ਮਾਤ੍ਰ ਦੀ ਹਾਲਤ ਇੱਥੋਂ ਤੱਕ ਨਿੱਘਰ ਚੁੱਕੀ ਸੀ ਕਿ ਉਹ ਅਪਣੇ-ਆਪ ਨੂੰ ਮਨੁੱਖ ਕਹਿਲਾਉਣ ਦਾ ਹੱਕ ਵੀ ਗੁਆ ਬੈਠੇ ਸਨ। ਸ਼ੂਦਰਾਂ ਅਤੇ ਔਰਤਾਂ ਦਾ ਹਾਲ ਅਤੀ ਤਰਸ-ਯੋਗ ਸੀ। ਰਾਜਸੀ ਪੱਖੋਂ, ਦੇਸ਼ ਦੇ ਹਰ-ਇੱਕ ਕੋਨੇ ਵਿੱਚ ਬਦ-ਇੰਤਜ਼ਾਮੀ,ਬੇਇਨਸਾਫੀ ਕਰਕੇ ਬੇਚੈਨੀ ਦੀ ਭਰਮਾਰ ਸੀ। ਰਾਜੇ, ਅਪਣੀ ਪਰਜਾ ਨੂੰ ਕਸਾਈਆਂ ਵਾਂਗ ਕੋਂਹਦੇ ਸਨ। ਪ੍ਰੇਮ, ਸੱਚ, ਨਿਆਂ, ਦਯਾ ਦਾ ਨਾਮੋਂ-ਨਿਸ਼ਾਨ ਨਹੀਂ ਸੀ। ਹਰ ਤਰਫ ਨਫ਼ਰਤ, ਕੂੜ ਅਤੇ ਫਰੇਬ ਦਾ ਹੀ ਬੋਲ-ਬਾਲਾ ਸੀ।

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥

ਅਜਿਹੇ ਅੱਤਿਆਚਾਰਾਂ ਨਾਲ ਦੁਖੀ ਜੀਵ ਸ੍ਰਿਸ਼ਟੀ ਦੀ ਪੁਕਾਰ ਸੁਣਕੇ, ਅਕਾਲ ਪੁਰਖ, ਨਿਰੰਕਾਰ ਪ੍ਰਭੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ, ਇਸ ਸੜ ਰਹੇ ਸੰਸਾਰ ਦੀ ਰੱਖਿਆ ਕਰਨ ਲਈ ਸੰਨ 1469 ਈ. ਵਿੱਚ ਅਵਤਾਰ ਧਾਰਿਆ।

ਆਪਿ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸੰਸਾਰ ਤੋਂ ਅਗਿਆਨ ਦਾ ਅੰਧਕਾਰ ਦੂਰ ਹੋਇਆ ਅਤੇ ਰੱਬੀ ਗਿਆਨ ਦਾ ਪ੍ਰਕਾਸ਼ ਹੋਇਆ।



ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਸਤਿਗੁਰੁ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।

ਆਪ ਜੀ ਨੇ ਸੰਸਾਰ ਦੇ ਸਮੁੱਚੇ ਜੀਵਾਂ ਦਾ ਧਿਆਨ, ਉਸ ਅਤੀ ਉੱਚੇ-ਸੁੱਚੇ ਜੀਵਨ ਵੱਲ ਦਿਵਾਇਆ ਜਿਹੜਾ ਕਿ ਪ੍ਰੇਮਾ-ਭਗਤੀ ਤੇ ਮਨੁੱਖ-ਮਾਤ੍ਰ ਦਾ ਪਿਆਰ ਦ੍ਰਿੜਾਉਂਦਾ ਹੈ। ਪ੍ਰਮਾਤਮਾ ਇੱਕ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਦੀ ਰਚਨਾ ਹੈ। ਉਹ ਸਰਵ-ਵਿਆਪਕ ਹੈ ਅਤੇ ਸਦੈਵ ਹੀ ਸੱਚ ਹੈ। ਉਹ ਪ੍ਰਮਾਤਮਾ ਇਸ ਸਾਕਾਰ ਵਿੱਚ ਨਿਰਾਕਾਰ ਅਤੇ ਸਰਗੁਣ ਵਿੱਚ ਨਿਰਗੁਣ ਹੋਕੇ ਬਿਰਾਜਮਾਨ ਹੈ। ਗੁਰੂ ਜੀ ਦਾ ਜੀਵਨ ਮਨੋਰਥ ਇਸ ਸੰਸਾਰ ਦੇ ਹਰ ਇੱਕ ਪ੍ਰਾਣੀ-ਮਾਤ੍ਰ ਨੂੰ ਉੱਚ ਅਧਿਆਤਮਿਕ ਅਵਸਥਾ ਬਖਸ਼ਕੇ ਅਗਿਆਨ ਰੂਪੀ ਬੰਧਨਾਂ ਤੋਂ ਮੁਕਤ ਕਰਨਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗੰਮੀ ਅਨੁਭਵ 'ਚੋਂ ਜਿਸ ਨਿਰਾਲੇ, ਖ਼ਾਲਸ, ਸ਼ੁੱਧ ਅਤੇ ਨਿਰਮਲ ਪੰਥ ਦਾ ਸੰਕਲਪ ਸਫੁਰਤ ਹੋਇਆ, ਉਸ ਬਾਰੇ ਭਾਈ ਗੁਰਦਾਸ ਜੀ ਨੇ ਅਪਣੇ ਸ਼ਬਦਾਂ ਵਿੱਚ ਇਉਂ ਬਿਆਨ ਕੀਤਾ :-

ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥੁ ਚਲਾਇਆ।

ਯਥਾ

ਕਲਿਯੁਗ ਨਾਨਕ ਨਿਰਮਲਾ
ਪੰਥ ਚਲਾਇਓ ਆਇ।

(ਜਨਮ ਸਾਖੀ ਭਾਈ ਬਾਲੇ ਵਾਲੀ)

ਉਪਰੋਕਤ ਕਥਨਾਂ ਅਨੁਸਾਰ ਨਿਰਮਲ ਪੰਥ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਹਿਰਦੇ 'ਚੋਂ ਹੋਇਆ। ਕੁੱਝ ਸਮੇਂ ਬਾਅਦ ਆਪ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਉਸ ਸਮੇਂ ਦੇ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਮੁਤਾਬਿਕ ਇਸ ਪੰਥ ਨੂੰ ਨਵੀਨ ਅਤੇ ਸੰਗਠਿਤ ਰੂਪ ਦਿੱਤਾ। ਆਪ ਜੀ ਨੇ ਸ੍ਰੀ ਪਾਉਂਟਾ ਸਾਹਿਬ (ਰਿਆਸਤ ਨਾਹਨ), ਹੁਣ ਜਿਲ੍ਹਾ ਸਿਰਮੌਰ (ਹਿਮਾਚਲ ਪ੍ਰਦੇਸ਼) ਦੀ ਪਵਿੱਤ੍ਰ ਧਰਤੀ ਤੋਂ ਸੰਨ 1686 ਈ. ਵਿੱਚ ਪੰਜ ਹੋਣਹਾਰ ਅਤੇ ਵਿੱਦਿਆ ਪ੍ਰੇਮੀ ਸਿੱਖਾਂ ਨੂੰ ਅਪਣੇ ਕਰ-ਕਮਲਾਂ ਦੁਆਰਾ ਭਗਵਾਂ ਵੇਸ ਪਹਿਨਾ ਕੇ ਨਿਰਮਲੇ ਸੰਤ (ਸੰਨਿਆਸੀ) ਸਾਜਿਆ। ਇਨ੍ਹਾਂ ਸੰਤਾਂ ਨੂੰ ਅਨੇਕਾਂ ਆਸ਼ੀਰਵਾਦ ਦੇ ਕੇ ਪ੍ਰਾਕ੍ਰਿਤ, ਬ੍ਰਿਜ ਅਤੇ ਸੰਸਕ੍ਰਿਤ ਭਾਸ਼ਾ ਦੇ ਅਧਿਐਨ ਦੁਆਰਾ ਹੋਰ ਭਾਰਤੀ ਸਤਿ-ਸ਼ਾਸ਼ਤਰਾਂ ਦਾ ਗਿਆਨ ਹਾਸਲ ਕਰਨ ਲਈ ਕਾਸ਼ੀ (ਬਨਾਰਸ) ਭੇਜਿਆ। ਗੁਰੂ ਜੀ ਨੇ ਫੁਰਮਾਨ ਕੀਤਾ, "ਤੁਸੀਂ ਬ੍ਰਹਮ ਵਿੱਦਿਆ ਪ੍ਰਾਪਤ ਕਰਕੇ ਮਹਾਨ ਵਿੱਦਵਾਨ ਬਣੋਂਗੇ ਅਤੇ ਗੁਰਮਤਿ ਦੇ ਗਿਆਨ ਦਾ ਪ੍ਰਚਾਰ-ਪ੍ਰਸਾਰ, ਦੇਸ਼-ਵਿਦੇਸ਼ ਵਿੱਚ ਕਰੋਂਗੇ।" ਇਸ ਅਲੌਕਿਕ ਘਟਨਾ ਤੋਂ ਲੱਗਭੱਗ 13 ਸਾਲ ਬਾਅਦ ਸੰਨ 1699 ਈ. ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਸਿਰਜਣਾ ਕੀਤੀ। ਇਹ ਅਨੋਖੀ ਘਟਨਾ ਗੁਰੂ ਹੁਕਮ, ਕੁਰਬਾਨੀ, ਸਮਰਪਣ ਅਤੇ ਤਿਆਗ ਦੀ ਅਤੀ ਉੱਤਮ ਮਿਸਾਲ ਹੈ। ਖਾਲਸਾ ਸਾਜਣ ਦੇ ਇਸ ਅਲੌਕਿਕ ਪ੍ਰਸੰਗ ਤੋਂ ਤੁਰੰਤ ਬਾਅਦ ਕਾਸ਼ੀ ਤੋਂ ਅਧਿਆਤਮਿਕ ਵਿੱਦਿਆ ਪ੍ਰਾਪਤ ਕਰਕੇ, ਉਹ ਪੰਜ ਸੰਤ ਵੀ, ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸ੍ਰੀ ਗੁਰੂ ਜੀ ਦੇ ਪਾਵਨ ਚਰਨਾਂ ਤੇ ਨਮਸ਼ਕਾਰ ਕਰਕੇ ਅਨੇਕਾਂ ਅਸ਼ੀਰਵਾਦ ਲਏ ਉਪ੍ਰੰਤ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਦੇ ਹੁਕਮ ਅਨੁਸਾਰ (ਪਿਆਰੇ) ਭਾਈ ਦਇਆ ਸਿੰਘ ਜੀ ਅਤੇ (ਪਿਆਰੇ) ਭਾਈ ਧਰਮ ਸਿੰਘ ਜੀ, ਅੰਮ੍ਰਿਤ ਛਕਾਉਣ ਸਮੇਂ ਇਨ੍ਹਾਂ ਪੰਜਾਂ ਸੰਤਾਂ ਦੇ ਉਪਦੇਸ਼ ਦਾਤਾ ਹੋਏ। ਇਸ ਪ੍ਰਕਾਰ ਇਨ੍ਹਾਂ ਦੋ ਪਿਆਰਿਆਂ ਤੋਂ, ਉਨ੍ਹਾਂ ਪੰਜ ਸੰਤਾਂ ਦੇ ਮਾਧਿਅਮ ਰਾਹੀਂ ਜੋ ਨਾਦੀ-ਵੰਸ਼ ਪ੍ਰੰਪਰਾ ਚੱਲੀ, ਉਸ ਦਾ ਨਾਮ 'ਨਿਰਮਲ ਸੰਪ੍ਰਦਾਇ' ਅਰਥਾਤ 'ਨਿਰਮਲ ਪੰਥ' ਪ੍ਰਸਿੱਧ ਹੋਇਆ। ਉਸ ਨਾਦੀ-ਵੰਸ਼ ਪ੍ਰੰਪਰਾ ਦੀ ਪ੍ਰਵਾਹਿਤ ਲੜੀ 'ਚੋਂ ਅਜੋਕੇ ਸਮੇਂ 'ਚ ਇੱਕ ਮਹਾਨ ਸ਼ਖਸੀਅਤ ਹਨ - ਪਰਮ ਪੂਜਨੀਕ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ, (ਵਰਤਮਾਨ ਗੱਦੀ-ਨਸ਼ੀਨ) ਨਿਰਮਲ ਆਸ਼ਰਮ- ਰਿਸ਼ੀਕੇਸ਼। ●

# ਨਾਦੀ-ਵੰਸ਼ ਪ੍ਰੰਪਰਾ

ੴ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

⋮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

↓

ਪਿਆਰੇ ਭਾਈ ਧਰਮ ਸਿੰਘ ਜੀ

↓

ਸੰਤ ਬਾਬਾ ਗੰਡਾ ਸਿੰਘ ਜੀ

↓

ਸੰਤ ਦਰਬਾਰਾ ਸਿੰਘ ਜੀ (ਸਰਹਿੰਦ ਵਾਲੇ)

↓

ਬਾਬਾ ਸਾਹਿਬ ਸਿੰਘ ਜੀ

↓

ਬਾਬਾ ਸੋਢੀ ਦੀਪ ਸਿੰਘ ਜੀ

↓

ਸੰਤ ਰਾਮ ਸਿੰਘ ਜੀ 'ਵਿਰੱਕਤ'

↓

ਸੰਤ ਠਾਕੁਰ ਦਿਆਲ ਸਿੰਘ ਜੀ (ਅੰਮ੍ਰਿਤਸਰ)

↓

ਸੰਤ ਧਰਮ ਸਿੰਘ ਜੀ 'ਸਮਾਧੀ ਵਾਲੇ' (ਅੰਮ੍ਰਿਤਸਰ)

↓

ਪੂਜਨੀਕ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ
(ਸੰਸਥਾਪਕ ਨਿਰਮਲ ਆਸ਼ਰਮ-ਰਿਸ਼ੀਕੇਸ਼)


↓

ਮਹੰਤ ਆਤਮਾ ਸਿੰਘ ਜੀ ਮਹਾਰਾਜ → ਮਹੰਤ ਨਾਰਾਇਣ ਸਿੰਘ ਜੀ ਮਹਾਰਾਜ

ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ 'ਵਿਰੱਕਤ'

↓

ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ
(ਵਰਤਮਾਨ ਗੱਦੀ-ਨਸ਼ੀਨ)
ਨਿਰਮਲ ਆਸ਼ਰਮ-ਰਿਸ਼ੀਕੇਸ਼



ਕੋਟਿ ਮਧੇ ਕੋਈ ਸੰਤ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥

# ਸੰਤ ਮਹਿਮਾ

ਪੰਥ ਰਤਨ ਗਿਆਨੀ ਸੰਤ ਸਿੰਘ ਜੀ 'ਮਸਕੀਨ' ਸਿੱਖ ਜਗਤ ਵਿੱਚ ਗੁਰਮਤਿ ਦੇ ਉੱਘੇ ਵਿੱਦਵਾਨ ਹੋਏ ਹਨ। ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਸੰਤ ਬਾਬਾ ਬਲਵੰਤ ਸਿੰਘ ਜੀ ਤੋਂ ਅਤਿਅੰਤ ਪ੍ਰਭਾਵਿਤ ਹੋਕੇ ਕੁੱਝ ਸਮਾਂ ਉਨ੍ਹਾਂ ਤੋਂ ਗੁਰਬਾਣੀ ਦੇ ਅਰਥ-ਬੋਧ ਅਤੇ ਗੂਹਜ ਵਿਦਿਆ ਪ੍ਰਾਪਤ ਕੀਤੀ। ਉਹ ਇਤਨੀ ਸੁੰਦਰ ਸ਼ੈਲੀ ਵਿੱਚ ਕਥਾ ਕਰਦੇ ਸਨ ਕਿ ਹਰ ਸ਼੍ਰੋਤਾ, ਉਨ੍ਹਾਂ ਦੀ ਕਾਬਲੀਅਤ ਦੀ ਦਾਦ ਦਿੰਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸਤਿਸੰਗ ਵਿੱਚ ਬੈਠੇ ਹਜ਼ਾਰਾਂ ਪ੍ਰਾਣੀਆਂ 'ਚੋਂ ਕੇਵਲ ਇੱਕ ਅੱਧ ਹੀ ਜਗਿਆਸੂ ਹੁੰਦਾ ਹੈ ਜਿਸਨੂੰ ਪ੍ਰਮੇਸ਼ਰ ਨਾਲ ਮਿਲਣ ਦੀ ਤਾਂਘ ਉਤਪੰਨ ਹੁੰਦੀ ਹੋਵੇ। ਹਜ਼ਾਰ ਕੁ ਜਗਿਆਸੂਆਂ ਵਿੱਚੋਂ ਕੇਵਲ ਇੱਕ ਅੱਧ ਹੀ ਸਾਧੂ ਦੀ ਪ੍ਰੀਭਾਸ਼ਾ ਤੇ ਪੁੱਗਦਾ ਹੈ ਜੋ ਪ੍ਰਮੇਸ਼ਰ ਪ੍ਰਾਪਤੀ ਲਈ ਪੂਰੀ ਲਗਨ ਨਾਲ ਧਿਆਨ ਅਤੇ ਸਾਧਨਾ ਕਰਦਾ ਹੋਵੇ। ਅਜਿਹੇ ਸਾਧੂ ਬਾਰੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ-

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥

ਅਜਿਹੀ ਮਹਿਮਾ ਵਾਲੇ ਹਜ਼ਾਰਾਂ ਸਾਧ ਜਨਾਂ 'ਚੋਂ ਕੇਵਲ ਇੱਕ ਅੱਧ ਹੀ ਬ੍ਰਹਮ ਗਿਆਨੀ, ਪੂਰਨ ਪੁਰਸ਼ ਜਾਂ ਸੰਤ ਹੁੰਦਾ ਹੈ ਜੋ ਜੀਵਾਂ ਦੇ ਤਪਦੇ ਹਿਰਦਿਆਂ ਨੂੰ ਗੁਰਬਾਣੀ ਗਿਆਨ ਦੇ ਅੰਮ੍ਰਿਤ ਬਚਨਾਂ ਦੁਆਰਾ ਸ਼ਾਂਤ ਕਰਦਾ ਹੈ। ਵਾਸਤਵ ਵਿੱਚ ਅਜਿਹੇ ਸੰਤ ਹੀ ਪ੍ਰਮੇਸ਼ਰ ਦਾ ਰੂਪ ਹੁੰਦੇ ਹਨ-

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥

ਮਨੁੱਖਾ ਜੀਵਨ ਵਿੱਚ ਕਿਸੇ ਵਡਭਾਗੀ ਪ੍ਰਾਣੀ ਨੂੰ ਹੀ ਇਹੋ ਜਿਹੇ ਪੂਰਨ ਪੁਰਸ਼, ਸੰਤ ਦੀ ਸੰਗਤ ਅਤੇ ਸੇਵਾ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿੱਚ ਵੀ ਸੰਤ ਮਹਿਮਾ ਬਾਰੇ ਫ਼ੁਰਮਾਨ ਹੈ-

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥

ਅੱਜ ਤੋਂ ਸੱਠ(60) ਕੁ ਸਾਲ ਪਹਿਲਾਂ ਬ੍ਰਹਮ ਗਿਆਨੀ, ਬ੍ਰਹਮ ਨਿਸ਼ਠ, ਮਹਾਨ-ਤਪੱਸਵੀ ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ 'ਵਿੱਰਕਤ' ਜੀ ਨੇ ਅਪਣੀ ਚਰਨ ਛੋਹ ਪ੍ਰਦਾਨ



ਸੰਤ ਬਾਬਾ ਨਿੱਕਾ ਸਿੰਘ ਜੀ 'ਵਿਰੱਕਤ'

ਕਰਕੇ, ਕਰਨਾਲ (ਹਰਿਆਣਾ) ਦੀ ਧਰਤੀ ਨੂੰ ਭਾਗ ਲਾਏ। ਆਪ ਜੀ, ਦਰਸ਼ਨ ਕਰਨ ਆਈ ਸੰਗਤ ਦੇ ਹਰੇਕ ਵਿਅਕਤੀ ਨੂੰ ਪ੍ਰਭੂ ਸਿਮਰਨ ਅਤੇ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਣਾ ਦਿੰਦੇ ਸਨ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ ॥

ਯਥਾ

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

ਹਰੇਕ ਵਿਅਕਤੀ ਨੂੰ ਆਪ ਜੀ ਦੇ ਚਿਹਰੇ ਦੇ ਨੂਰਾਨੀ ਜਲਾਲ ਦੇ ਦਰਸ਼ਨ ਕਰਕੇ ਮਾਨਸਿਕ ਸ਼ਾਂਤੀ ਮਹਿਸੂਸ ਹੁੰਦੀ ਸੀ। ਆਪ ਜੀ ਨੇ ਪੂਰਬੀ-ਪੱਛਮੀ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪ੍ਰਦੇਸ਼ਾਂ ਦੀਆਂ ਸੰਗਤਾਂ ਨੂੰ ਗੁਰਬਾਣੀ ਦੇ ਲੜ ਲਾਇਆ। 'ਵਿਰੱਕਤ' ਜੀ ਮਹਾਰਾਜ ਬੜੇ ਨਿਧੜਕ, ਸਪਸ਼ਟਵਾਦੀ ਅਤੇ ਨਿਰੋਲ ਸੱਚ ਤੇ ਆਧਾਰਿਤ ਉਪਦੇਸ਼ ਕਰਨ ਵਾਲੇ ਮਹਾਂਪੁਰਸ਼ ਸਨ ਕਿਉਂਕਿ ਉਹ ਜੋ ਕਹਿੰਦੇ ਸਨ, ਉਹੀ ਕਰਦੇ ਸਨ।

ਪੂਜਨੀਕ ਸੰਤ ਬਾਬਾ ਨਿੱਕਾ ਸਿੰਘ 'ਵਿੱਰਕਤ' ਮਹਾਰਾਜ ਜੀ ਦੇ ਅਜਿਹੇ ਉੱਚੇ-ਸੁੱਚੇ ਜੀਵਨ ਤੋਂ ਜਿੱਥੇ ਅਨੇਕਾਂ ਪ੍ਰਾਣੀ ਪ੍ਰਭਾਵਿਤ ਹੋਏ ਉੱਥੇ ਹੀ ਕਰਨਾਲ ਸ਼ਹਿਰ ਦੇ ਇੱਕ ਹੋਣਹਾਰ ਬਾਲਕ ਰਮੇਸ਼ ਚੰਦਰ ਉਰਫ 'ਰਾਮ' ਨੇ ਵੀ ਆਪ ਜੀ ਦੀ ਸ਼ਰਣ ਵਿੱਚ ਆਉਣਾ ਸ਼ੁਰੂ ਕੀਤਾ। ਸਕੂਲੋਂ ਆਉਂਦੇ ਹੀ ਨਿਰਮਲ ਕੁਟੀਆ ਤੇ ਠਹਿਰੇ ਸੰਤਾਂ ਮਹਾਂਪੁਰਖਾਂ ਨੂੰ ਨਮਸ਼ਕਾਰ ਕਰਕੇ, ਲੰਗਰ ਪਕਾਉਣ ਦੀ ਸੇਵਾ ਕਰਨ ਲੱਗ ਜਾਂਦੇ। ਹੋਰ ਸੇਵਾਵਾਂ ਦੇ ਨਾਲ-ਨਾਲ ਮਹਾਂਪੁਰਖਾਂ ਦੀ ਨਿੱਜੀ ਸੇਵਾ ਵੱਲ ਵੀ ਰੁੱਚੀ ਵਧਦੀ ਗਈ। ਆਰਾਮ ਦੇ ਸਮੇਂ ਅਪਣੇ ਗੁਰੁਦੇਵ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਹੀ ਆਸਣ ਲਗਾ ਲੈਂਦੇ ਸਨ। ਜਿਵੇਂ ਜਿਵੇਂ ਅਵਸਥਾ ਵਧਦੀ ਗਈ, ਤਿਵੇਂ ਤਿਵੇਂ ਅਪਣੇ ਗੁਰੂ ਜੀ ਦੀ ਸੇਵਾ ਅਤੇ ਦਰਸ਼ਨਾਂ ਪ੍ਰਤੀ ਵੀ ਖਿੱਚ ਵੱਧਦੀ ਗਈ। ਫਲ ਸਰੂਪ ਅਪਣਾ ਸਮੁੱਚਾ ਜੀਵਨ ਗੁਰੁਦੇਵ ਜੀ ਦੀ ਆਗਿਆ ਅਤੇ ਸੇਵਾ ਵਿੱਚ ਲਾਉਣ ਦਾ ਪੱਕਾ ਨਿਸ਼ਚਾ ਕਰ ਲਿਆ। ਸਮਾਂ ਪਾ ਕੇ ਇਸ ਅਨਿੰਨ ਸੇਵਕ ਨੇ ਅਪਣਾ-ਆਪਾ (ਤਨ ਮਨ ਧਨ) ਗੁਰੂ ਚਰਨਾਂ 'ਚ ਅਰਪਣ ਕਰ ਦਿੱਤਾ। ਨਿਰਸੰਦੇਹ

ਗੁਰੂ ਅਤੇ ਸ਼ਿਸ਼ ਦਾ ਪਿਆਰ ਅਥਾਹ ਉਚਾਈਆਂ ਨੂੰ ਛੂਹਣ ਲੱਗਾ। ਦੈਵੀ ਹੁਕਮ ਨਾਲ ਇੱਕ ਐਸਾ ਵਡਭਾਗਾ ਸਮਾਂ ਆਇਆ ਜਦੋਂ 'ਵਿਰੱਕਤ' ਮਹਾਰਾਜ ਜੀ ਨੇ ਤਰੁੱਠ ਕੇ ਅਪਣੇ ਸੁਯੋਗ ਸੇਵਕ ਨੂੰ (ਮਈ 1981 ਵਿੱਚ) ਅਪਣਾ ਹੀ ਰੂਪ ਦੇ ਦਿੱਤਾ। ਇਸ ਮਹਾਨ ਹਸਤੀਨੂੰ ਹ ਿਅ ਜੱਅ ਸੀਂ ਪੂਜਨੀਕਮ ਹੰਤ ਬਾਬਾ ਰਾਮ ਸਿੰਘ ਜੀ ਦੇ ਨਾਉਂ ਨਾਲ



ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ

ਸਤਿਕਾਰਦੇ ਹਾਂ। ਪ੍ਰੇਮ, ਨਿੰਮ੍ਰਤਾ ਅਤੇ ਕਰੁਣਾ ਦੀ ਮੂਰਤ, ਸਦੈਵ ਅਪਣੇ ਗੁਰੂਦੇਵ ਦੀ ਯਾਦ ਵਿੱਚ ਜੁੜੇ ਰਹਿੰਦੇ ਹਨ।ਆਪ ਜੀ ਹਰੇਕ ਪ੍ਰਾਣੀ ਨੂੰ ਪ੍ਰਭੂ-ਸਿਮਰਨ, ਸ਼ੁੱਭ-ਕਰਮ ਕਰਨ ਅਤੇ ਨਿਸ਼ਕਾਮ-ਸੇਵਾ ਕਰਨ ਦੀ ਪ੍ਰੇਰਣਾ ਦਿੰਦੇ ਹਨ।



ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ, ਨਿਰਮਲ ਆਸ਼ਰਮ ਵਿਖੇ ਪ੍ਰਮਾਰਥਕ ਉਪਦੇਸ਼ ਕਰਦੇ ਹੋਏ

ਗਰੀਬਾਂ, ਲੋੜਵੰਦਾਂ ਨੂੰ ਭੋਜਨ, ਕੱਪੜਾ, ਦਵਾਈਆਂ ਅਤੇ ਵਿੱਦਿਆ-ਦਾਨ ਆਦਿ ਸੇਵਾਵਾਂ ਨੂੰ ਅਤੀ ਉੱਤਮ ਸੇਵਾ ਮੰਨਦੇ ਹੋਏ ਕਰਦੇ ਅਤੇ ਕਰਵਾਉਂਦੇ ਹਨ। ਆਪ ਜੀ, ਆਤਮ-ਅਨੰਦ, ਗੁਰੂ-ਹੁਕਮ ਅਤੇ ਪ੍ਰਭੂ ਦੀ ਮਹਿਮਾ ਵਿੱਚ ਸਦੈਵ ਹੀ ਲੀਨ ਰਹਿੰਦੇ ਹਨ। ਆਪ ਜੀ ਦੇ ਹਿਰਦੇ ਵਿੱਚ ਰਹੱਸਕ ਸੱਚ ਦਾ ਗਿਆਨ ਪ੍ਰਚੰਡ ਹੈ ਅਤੇ ਇਸੇ ਹੀ ਗਿਆਨ ਦੇ ਪ੍ਰਕਾਸ਼ ਦਾ ਪ੍ਰਚਾਰ ਦੁਨੀਆਂ ਭਰ ਵਿੱਚ ਫੈਲਾਉਣ ਲਈ ਯਤਨਸ਼ੀਲ ਹਨ। ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ, ਸਾਲ ਵਿੱਚ ਲੱਗਭੱਗ ਅੱਠ(8) ਕੁ ਮਹੀਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਸਮੁੱਚੀ ਮਾਨਵਤਾ ਨੂੰ ਗੁਰਬਾਣੀ ਰਾਹੀਂ ਪ੍ਰਭੂ ਨਾਮ-ਸਿਮਰਨ ਅਤੇ ਸ਼ੁੱਭ-ਕਰਮਾਂ ਨਾਲ ਜੋੜਦੇ ਹੋਏ ਨਿਸ਼ਕਾਮ-ਸੇਵਾ ਕਰਨ ਦਾ ਕਲਿਆਣਕਾਰੀ ਸੰਦੇਸ਼ ਦਿੰਦੇ ਹਨ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਨਾਮੁ' ਦੀ ਬਹੁਤ ਮਹਿਮਾ ਵਰਣਨ ਕੀਤੀ ਗਈ ਹੈ। ਸਾਰੇ ਦੁੱਖਾਂ ਕਲੇਸ਼ਾਂ ਦਾ ਦਾਰੂ ਪ੍ਰਭੂ ਦਾ ਨਾਮ ਦੱਸਿਆ ਗਿਆ ਹੈ।

ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥

ਯਥਾ

ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥

ਗੁਰਬਾਣੀ ਦੇ ਇਸ ਮਹਾਨ ਆਸ਼ੇ ਨੂੰ ਮੁੱਖ ਰੱਖਦੇ ਹੋਏ, ਆਪ ਜੀ ਅਨੇਕਾਂ ਸ਼ਰਧਾਲੂ ਪ੍ਰਾਣੀਆਂ ਨੂੰ ਨਾਮ ਜਪਣ ਦੀ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖ ਵਡਭਾਗੀ ਹੇਇ॥

ਯਥਾ

ਕਰਿ ਕਿਰਪਾ ਜਿਸ ਕਉ ਨਾਮੁ ਦੀਆ॥
ਨਾਨਕ ਸੋ ਜਨੁ ਨਿਰਮਲੁ ਥੀਆ॥

ਜਗਿਆਸੂਆਂ ਨੂੰ ਇਹੀ ਆਗਿਆ ਹੁੰਦੀ ਹੈ ਕਿ-

ਸਿਮਰਿ ਸਿਮਰਿ ਨਾਮ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥

ਪੂਜਨੀਕ ਮਹਾਰਾਜ ਜੀ ਦੁਆਰਾ ਨਿਰਮਲ ਆਸ਼ਰਮ ਦੀ ਸੇਵਾ ਸੰਭਾਲਣ ਦੇ ਨਾਲ ਹੀ ਜਨ-ਹਿਤ ਦੇ ਅਨੇਕਾਂ ਸਮਾਜਿਕ, ਵਿੱਦਿਅਕ ਅਤੇ ਚਿਕਿਤਸਕ ਸੇਵਾ-ਕਾਰਜਾਂ ਦਾ ਅਰੰਭ ਹੋ ਗਿਆ। ਯਾਤਰੂਆਂ, ਸਾਧੂ-ਸੰਤਾਂ, ਸੰਗਤਾਂ ਅਤੇ ਗਰੀਬਾਂ ਲਈ ਅੰਨ-ਛੇਤ੍ਰ, ਲੰਗਰ ਵਿਵਸਥਾ ਦਾ ਵਿਸਥਾਰ ਹੋਇਆ। ਸਮਾਜਿਕ ਸੇਵਾਵਾਂ ਵਿੱਚ ਸਭ ਤੋਂ ਪਹਿਲਾਂ ਨਿਰਮਲ ਆਸ਼ਰਮ ਹਸਪਤਾਲ ਦਾ ਨਿਰਮਾਣ (1990) ਅਤੇ ਸੰਤਾਂ-ਮਹਾਂਪੁਰਖਾਂ ਦੇ ਅੰਮ੍ਰਿਤਮਈ ਬਚਨਾਂ ਦਾ ਪ੍ਰਕਾਸ਼ਨ (1993) ਦੀ ਅਰੰਭਤਾ ਹੋਈ।



ਭੰਡਾਰੇ ਦੀ ਪੰਗਤ ਵਿੱਚ ਸਜੇ ਹੋਏ ਸੰਤ-ਮਹਾਂਪੁਰਖ

ਪੂਰਬਲੇ ਸ਼ੁੱਭ ਕਰਮਾਂ ਦੇ ਫਲ ਸਰੂਪ ਹੀ ਸ਼ੁੱਭ ਸੰਸਕਾਰ ਪੈਦਾ ਹੁੰਦੇ ਹਨ। ਐਸਾ ਹੀ ਵਾਪਰਿਆ, ਸ੍ਰੀਮਾਨ ਸੰਤ ਬਾਬਾ ਜੋਧ ਸਿੰਘ ਜੀ ਮਹਾਰਾਜ ਦੇ ਜੀਵਨ ਕਾਲ ਵਿੱਚ। ਆਪ


ਸੰਤ ਬਾਬਾ ਜੋਧ ਸਿੰਘ ਜੀ ਮਹਾਰਾਜ

ਜੀ ਦੇ ਮਾਤਾ ਜੀ ਦਾ ਜੀਵਨ ਧਾਰਮਿਕ ਅਤੇ ਸੰਤ-ਸੇਵੀ ਹੋਣ ਕਰਕੇ, ਆਪ ਨੂੰ ਬਚਪਨ ਵਿੱਚ ਹੀ ਪ੍ਰਮਾਰਥਕ ਰੁਚੀਆਂ ਦੇ ਬੀਜ ਪੁੰਘਰਨੇ ਸ਼ੁਰੂ ਹੋ ਗਏ ਸਨ। ਛੋਟੀ ਉਮਰੇ ਸੰਤ ਦਰਸ਼ਨ, ਸੰਤ ਸੇਵਾ, ਨਾਮ ਜਪਣ ਅਤੇ ਪਾਠ ਕਰਨ ਦੀ ਜਗਿਆਸਾ ਹੋਈ ਤਾਂ ਸ੍ਰੀਮਾਨ ਸੰਤ ਗੋਪਾਲ ਸਿੰਘ ਜੀ ਮਹਾਰਾਜ ਨੇ ਨਾਮ ਦੀ ਦਾਤ ਬਖਸ਼ ਕੇ ਮਹਾਨ ਕ੍ਰਿਪਾ ਕੀਤੀ। ਪੂਜਨੀਕ 'ਵਿੱਰਕਤ' ਮਹਾਰਾਜ ਜੀ ਦੀ ਪਵਿੱਤ੍ਰ ਕੁੱਲ ਵਿੱਚ ਪੈਦਾ ਹੋਣ ਕਰਕੇ, ਇਹ ਸ਼ੁੱਭ ਸੰਸਕਾਰ ਵਿਰਾਸਤ ਵਿੱਚ ਵੀ ਮਿਲੇ। ਸੰਸਾਰਿਕ ਵਿੱਦਿਆ ਪ੍ਰਾਪਤ ਕਰਨ ਦੇ ਨਾਲ-ਨਾਲ, ਗੁਰੂ ਕ੍ਰਿਪਾ ਦੁਆਰਾ ਅਧਿਆਤਮਿਕ ਅਤੇ ਗੁਰਬਾਣੀ ਦਾ ਗੁਹਜ ਗਿਆਨ ਪ੍ਰਾਪਤ ਕੀਤਾ। ਆਪ ਜੀ ਦਾ ਸੰਤਾਂ ਪ੍ਰਤੀ ਪ੍ਰੇਮ, ਸਤਿਸੰਗੀ ਸੁਭਾਅ, ਸੰਸਾਰ ਤੋਂ ਉਪਰਾਮ ਰਹਿਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਅਨਿੰਨ ਸ਼ਰਧਾ ਰੱਖਣਾ ਅਤੇ ਪ੍ਰਮਾਰਥਕ ਲਗਨ ਨੂੰ ਦੇਖਦੇ ਹੋਏ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਨੇ ਕ੍ਰਿਪਾ ਕਰਕੇ 3 ਅਪ੍ਰੈਲ 1983 ਈ. ਨੂੰ ਸੰਨਿਆਸ ਦੇ ਕੇ ਸੰਸਾਰੀ ਬੰਧਨਾਂ ਤੋਂ ਮੁਕਤ ਕਰ ਦਿੱਤਾ।ਅਨੇਕਾਂ ਅਸ਼ੀਰਵਾਦ ਦੇਕੇ, ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਦੇ ਨਾਲ ਮਿਲਕੇ ਸੇਵਾ ਕਰਨ ਲਈ ਨਿਰਮਲ ਆਸ਼ਰਮ, ਰਿਸ਼ੀਕੇਸ਼ ਜਾਣ ਦੀ ਆਗਿਆ ਕਰ ਦਿੱਤੀ।

ਗੁਰੂ ਆਗਿਆ ਅਨੁਸਾਰ ਆਸ਼ਰਮ ਦੀਆਂ ਸਾਰੀਆਂ ਸੇਵਾਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਸੰਭਾਲਣ ਅਤੇ ਚਲਾਉਣ ਦੀ ਆਰੰਭਤਾ ਕੀਤੀ। ਆਪ ਜੀ ਬੜੇ ਸੂਝਵਾਨ, ਦੂਰ-ਦ੍ਰਿਸ਼ਟੀ ਵਾਲੇ ਅਤੇ ਸੁਲਝੇ ਹੋਏ ਪ੍ਰਬੰਧਕ ਹਨ। ਆਸ਼ਰਮ ਦੀਆਂ ਨਵੀਆਂ ਇਮਾਰਤਾਂ ਦੇ ਨਕਸ਼ੇ ਤਿਆਰ ਕਰਵਾਉਣੇ, ਨਿਰਮਾਣ ਕਰਾਉਣਾ,



ਪੁਰਾਣੀਆਂ ਇਮਾਰਤਾਂ ਦਾ ਨਵੀਨੀਕਰਣ, ਆਸ਼ਰਮ ਦੇ ਸਾਲਾਨਾ ਅਤੇ ਹੋਰ ਸਮੁੱਚੇ ਸਮਾਗਮਾਂ ਦਾ ਆਯੋਜਨ ਕਰਨਾ ਆਦਿ ਕੰਮ ਬੜੀ ਕੁਸ਼ਲਤਾ ਨਾਲ ਨਿਭਾ ਰਹੇ ਹਨ। ਸਾਰੀਆਂ ਸੇਵਾ-ਸੰਸਥਾਵਾਂ ਜਿਵੇਂ ਕਿ ਦੋ ਵੱਡੇ ਹਸਪਤਾਲ, ਪੰਜ ਵਿਸ਼ਾਲ ਸਕੂਲ, ਦੋ ਸਿਲਾਈ ਕੇਂਦਰ, ਬਿਰਧ-ਘਰ, ਆਈ. ਟੀ. ਆਈ. ਅਤੇ ਪ੍ਰਸ਼ਾਸਕੀ ਕੰਮਾਂ ਆਦਿ ਦਾ ਹਰ ਸਮੇਂ ਹਰ ਪੱਖੋਂ ਮਾਰਗ-ਦਰਸ਼ਨ, ਦੇਖ-ਰੇਖ ਅਤੇ ਪ੍ਰਬੰਧ ਕਰਦੇ ਹਨ। ਨਤੀਜੇ ਵਜੋਂ ਅੱਜ ਨਿਰਮਲ ਆਸ਼ਰਮ, ਰਿਸ਼ੀਕੇਸ਼ ਕੇਵਲ ਇੱਕ ਧਾਰਮਿਕ ਸਥਾਨ ਹੀ ਨਹੀਂ ਸਗੋਂ ਉੱਤਰਾਖੰਡ ਦਾ ਇੱਕ ਵਿਸ਼ਾਲ ਸਮਾਜਿਕ, ਵਿੱਦਿਅਕ ਅਤੇ ਚਿਕਿਤਸਕ ਸੇਵਾ-ਸੰਸਥਾਨ ਬਣ ਚੁੱਕਿਆ ਹੈ। ਭਾਵੇਂ ਹਸਪਤਾਲਾਂ, ਸਕੂਲਾਂ ਅਤੇ ਹੋਰ ਸੰਸਥਾਵਾਂ ਦੇ ਸੰਚਾਲਨ, ਦੇਖ-ਰੇਖ ਅਤੇ ਵਿਕਾਸ ਲਈ ਕਾਫੀ ਸਮਾਂ ਦੇਣਾ ਪੈਂਦਾ ਹੈ ਫਿਰ ਵੀ ਆਪ ਜੀ ਆਸ਼ਰਮ ਦੇ ਸਾਹਿਤ ਪ੍ਰਕਾਸ਼ਨ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦੇ ਹਨ। ਆਸ਼ਰਮ ਵੱਲੋਂ ਛਪਣ ਵਾਲੀਆਂ ਪੋਥੀਆਂ ਤੋਂ ਇਲਾਵਾ ਆਸ਼ਰਮ ਦੇ ਹੋਰ ਪ੍ਰੋਗਰਾਮ ਉਲੀਕ ਕੇ, ਨੇਪਰੇ ਚਾੜ੍ਹਨ ਲਈ ਯੋਜਨਾਵਾਂ ਤਿਆਰ ਕਰਨੀਆਂ ਅਤੇ ਲੇਖਣੀਆਂ ਦੀ ਐਡਿਟਿੰਗ ਕਰਨ ਵਿੱਚ ਆਪ ਜੀ ਦੀ ਵਿਸ਼ੇਸ਼ ਰੁਚੀ ਹੈ।


ਸੰਤ ਬਾਬਾ ਜੋਧ ਸਿੰਘ ਜੀ ਇਮਾਰਤ ਨਿਰਮਾਣ ਦਾ ਮਾਰਗ-ਦਰਸ਼ਨ ਕਰਦੇ ਹੋਏ

ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਮਹਾਰਾਜ ਕਰਨਾਲ ਸ਼ਹਿਰ ਦੀ ਆਬਾਦੀ ਤੋਂ ਬਾਹਰ ਹੀ ਠਹਿਰਿਆ ਕਰਦੇ ਸਨ। ਉਸ ਸਮੇਂ ਕੁੱਝ ਕੁ ਵਡਭਾਗੇ ਪ੍ਰੀਵਾਰਾਂ ਨੂੰ ਆਪ ਜੀ ਦੇ ਦਰਸ਼ਨ, ਸੰਗਤ ਅਤੇ ਸੇਵਾ ਕਰਨ ਦਾ ਅਵਸਰ ਮਿਲਿਆ। ਇੱਕ ਸੀ- ਸ. ਗੁਰਬਚਨ ਸਿੰਘ ਜੀ 'ਡਾਇਮੰਡ ਸੋਢਾ ਵਾਟਰ' ਵਾਲਿਆਂ ਦਾ ਪ੍ਰੀਵਾਰ ਅਤੇ ਦੂਜਾ ਵਡਭਾਗੀ ਪ੍ਰੀਵਾਰ ਸੀ-ਭਗਤ ਲੱਭਾ ਮੱਲ ਚਾਵਲਾ ਜੀ ਦਾ। ਭਗਤ ਲੱਭਾ ਮੱਲ ਜੀ, ਉਨ੍ਹਾਂ ਦੀ ਧਰਮ ਪਤਨੀ-ਮਾਤਾ ਕਰਤਾਰ ਕੌਰ ਜੀ ਅਤੇ ਉਨ੍ਹਾਂ ਦੇ ਸਾਰੇ ਪ੍ਰੀਵਾਰ ਨੇ, ਵਿਸ਼ੇਸ਼ ਕਰਕੇ ਅਮਰੀਕ ਚੰਦ ਚਾਵਲਾ ਜੀ ਨੇ 'ਵਿਰੱਕਤ' ਮਹਾਰਾਜ ਜੀ ਦੀ ਹਰ ਪ੍ਰਕਾਰ ਨਾਲ ਸੇਵਾ ਕਰਕੇ ਬੇਅੰਤ ਅਸੀਸਾਂ ਪ੍ਰਾਪਤ ਕੀਤੀਆਂ।

ਜਿਨਿ ਜਿਨਿ ਸਾਧਸੰਗੁ ਪਾਇਆ॥
ਸੋ ਪ੍ਰਭਿ ਆਪਿ ਤਰਾਇਆ॥

ਸਰਬ ਕਲਿਆਣ ਕੀਏ ਗੁਰਦੇਵ॥ ਸੇਵਕੁ ਅਪਨੀ ਲਾਇਓ ਸੇਵ॥ ਧੁਰ ਕੀ ਬਾਣੀ ਦੇ ਇਸ ਕਥਨ ਨੂੰ ਅਧਾਰ ਮੰਨ ਕੇ ਅਮਰੀਕ ਚੰਦ ਚਾਵਲਾ ਜੀ ਨੇ ਅਪਣੇ ਗੁਰੂਦੇਵ 'ਵਿੱਰਕਤ ਜੀ' ਦੀ ਪਵਿੱਤ੍ਰ ਯਾਦ ਵਿੱਚ ਗਰੀਬ ਬੱਚਿਆਂ ਨੂੰ ਮੁਫਤ ਵਿੱਦਿਆ ਦੇਣ ਲਈ ਤਿੰਨ(3) ਸਕੂਲ, ਬੇਸਹਾਰਾ ਪ੍ਰਾਣੀਆਂ ਲਈ ਇੱਕ ਵਿਸ਼ਾਲ ਬਿਰਧ ਘਰ ਅਤੇ ਹੋਰ ਕਈ ਪ੍ਰਕਾਰ ਦੀਆਂ ਸੇਵਾਵਾਂ ਦੀ ਸ਼ੁਰੂਆਤ ਕੀਤੀ। ਆਪ ਕਈ ਸਾਲਾਂ ਤੋਂ ਇਨ੍ਹਾਂ ਸੇਵਾ ਕੇਂਦਰਾਂ ਦਾ ਸੰਚਾਲਨ ਅਤੇ ਵਿਕਾਸ ਕਰਦੇ ਆ ਰਹੇ ਹਨ। ਗੁਰਬਾਣੀ-ਪਾਠ, ਭਜਨ-ਕੀਰਤਨ, ਸਤਿਸੰਗ ਅਤੇ ਕਥਾ-ਵਾਰਤਾ ਕਰਨਾ, ਉਦਾਰਚਿੱਤ ਹੋਕੇ ਲੋੜਵੰਦਾਂ ਦੀ ਸੇਵਾ ਕਰਨਾ, ਸਮੂਹ ਸੰਤਾਂ-ਮਹਾਤਮਾਂ ਦਾ ਆਦਰ ਸਤਿਕਾਰ ਕਰਨਾ, ਆਪ ਜੀ ਦੀ ਮਹਾਨਤਾ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਪਰਉਪਕਾਰ ਦੇ ਕਾਰਜ ਕਰਦਿਆਂ ਮਾਨਸਿਕ ਦਸ਼ਾ ਅਤੀ ਜ਼ਿਆਦਾ ਉਪਰਾਮਤਾ ਅਤੇ ਵੈਰਾਗ ਮਈ ਹੋਣ ਕਾਰਨ ਸੰਸਾਰ ਤੋਂ ਸੰਨਿਅਸਤ ਹੋਣ ਲੱਗੀ। ਇੱਕ ਦਿਨ ਅਪਣੇ ਗੁਰੂ-ਸਥਾਨ, ਨਿਰਮਲ ਕੁਟੀਆ-ਕਰਨਾਲ ਵਿਖੇ ਪਹੁੰਚ ਕੇ ਬ੍ਰਹਮਲੀਨ ਗੁਰੂਦੇਵ ਸ੍ਰੀਮਾਨ 108 ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ, ਉਪ੍ਰੰਤ ਬਾਹਰੋਂ ਵੀ ਸੰਨਿਆਸੀ ਬਾਣਾ ਧਾਰਨ ਕਰ ਲਿਆ। ਹੁਣ ਸਾਰੀ ਸੰਗਤ ਆਪ ਜੀ ਨੂੰ ਸੰਤ ਅਮਰੀਕ ਦੇਵ ਜੀ ਕਰਕੇ ਜਾਣਦੀ ਹੈ। ਇਸ ਰੰਗ-ਰੱਤੇ ਰੂਪ ਵਿੱਚ ਰਹਿਕੇ ਵੀ ਕਈ ਸਾਲਾਂ ਤੱਕ ਅਪਣੇ ਗੁਰੂਦੇਵ ਜੀ ਦੇ ਨਾਮ ਉੱਤੇ ਸ਼ੁਰੂ ਕੀਤੀਆਂ ਜਨ-ਭਲਾਈ ਹਿਤ ਸੇਵਾਵਾਂ ਨੂੰ ਪੂਰੀ ਆਸਥਾ, ਲਗਨ, ਮਿਹਨਤ ਅਤੇ ਵਚਨ-ਬੱਧਤਾ ਨਾਲ ਨਿਭਾਉਂਦੇ ਰਹੇ ਪ੍ਰੰਤੂ ਜਦੋਂ ਵੈਰਾਗ ਨੇ ਤੀਬਰ ਵੇਗ ਪਕੜਿਆ ਤਾਂ-

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥

ਯਥਾ

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ॥

ਦੇ ਸਿਧਾਂਤ ਅਨੁਸਾਰ 18 ਜੁਲਾਈ 2008 ਨੂੰ ਨਿਰਮਲ ਧਾਮ, ਮਾਡਲ ਟਾਊਨ ਕਰਨਾਲ ਵਿਖੇ, ਇੱਕ ਵਿਸ਼ਾਲ ਇਕੱਠ ਵਿੱਚ ਇਨ੍ਹਾਂ ਸਾਰੇ ਸੇਵਾ-ਕੇਂਦਰਾਂ ਨੂੰ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਚਰਨਾਂ ਤੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸਮਰਪਿਤ ਕਰ ਦਿੱਤਾ। ●




ਸੰਤ ਅਮਰੀਕ ਦੇਵ ਜੀ-ਨਿਰਮਲ ਧਾਮ ਕਰਨਾਲ


ਨਿਰਮਲ ਧਾਮ-ਕਰਨਾਲ ਵਿਖੇ ਸਮਰਪਣ ਸਮਾਗਮ ਸਮੇਂ ਦਾ ਦ੍ਰਿਸ਼

# ਪੰਗਤ-ਸੰਗਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਮੁਢਲੀ ਸਾਖੀ 'ਸੱਚਾ ਸੌਦਾ' ਨੂੰ ਕੌਣ ਨਹੀਂ ਜਾਣਦਾ? ਪਿਤਾ ਸ੍ਰੀ ਮਹਿਤਾ ਕਾਲੂ ਜੀ ਨੇ (ਬਾਲਕ) ਨਾਨਕ ਨੂੰ ਵੀਹ (20) ਰੁਪਏ ਦੇ ਕੇ ਆਖਿਆ ਕਿ ਸ਼ਹਿਰ ਤੋਂ ਲਾਹੇਵੰਦ ਸੌਦਾ ਕਰਕੇ ਆਉ। ਬਾਲਕ ਨਾਨਕ ਜੀ, ਇੱਕ ਸਤਿਸੰਗ ਕਰ ਰਹੀ ਸਾਧੂ-ਮੰਡਲੀ ਨੂੰ ਉਨ੍ਹਾਂ ਵੀਹ ਰੁਪਿਆਂ ਦਾ ਰਾਸ਼ਣ ਆਦਿ ਭੇਟਾ ਕਰਕੇ ਵਾਪਿਸ ਘਰ ਆ ਗਏ। ਉਨ੍ਹਾਂ ਦਾ ਨਿਸਚਾ ਸੀ ਕਿ ਇਸ ਤੋਂ ਵੱਧ ਲਾਹੇਵੰਦ ਸੌਦਾ ਕੋਈ ਹੋਰ ਹੋ ਹੀ ਨਹੀਂ ਸਕਦਾ। ਗਰੀਬ, ਸਾਧੂ-ਸੰਤਾਂ ਨੂੰ ਲੰਗਰ ਛਕਾਉਣ ਦੀ ਮਹਾਨ ਪ੍ਰੰਪਰਾ, ਸਿੱਖ ਜਗਤ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਚੱਲੀ। ਇਸੇ ਕਰਕੇ ਸਾਧੂ-ਸੰਤਾਂ ਅਤੇ ਗਰੀਬ ਪ੍ਰਾਣੀਆਂ ਨੂੰ ਭੋਜਨ ਛਕਾਉਣਾ ਗੁਰੂ-ਘਰ ਵਿੱਚ ਸਭ ਤੋਂ ਉੱਤਮ ਸੇਵਾ ਮੰਨੀ ਜਾਂਦੀ ਹੈ। ਅਕਬਰ ਬਾਦਸ਼ਾਹ ਦਿੱਲੀ ਤੋਂ ਲਾਹੌਰ ਜਾਂਦੇ ਹੋਏ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਡੇਰੇ ਗਿਆ। ਜਾਤ-ਪਾਤ, ਉੱਚ-ਨੀਚ ਦੇ ਵਿਤਕਰੇ ਰਹਿਤ ਲੰਗਰ ਛਕਣ ਲਈ ਸਾਂਝੀ ਪੰਗਤ ਲੱਗੀ ਵੇਖ ਕੇ ਉਹ ਬੜਾ ਪ੍ਰਸੰਨ ਹੋਇਆ। ਸ੍ਰੀ ਗੁਰੂ ਰਾਮ ਦਾਸ ਜੀ ਅਤੇ ਗੁਰੂ ਕੇ ਮਹਲ ਬੀਬੀ ਭਾਨੀ ਜੀ ਲੰਗਰਦ ਿਸ ੇਵਾਅ ਪਣੇਹ ੱਥੀਂਕ ਰਦੇਸ ਨ। ਮਾਤਾ ਖੀਵੀ ਜੀ ਦੀ ਲੰਗਰ ਤਿਆਰ ਕਰਨ ਦੀ ਸੇਵਾ ਸਿੱਖ ਇਤਿਹਾਸ 'ਚ ਪ੍ਰਸਿੱਧ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੰਗਰ ਵਿਵਸਥਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਅਪਣੇ ਕੁੱਝ ਕੁ ਚੋਣਵੇਂ ਸਿੱਖਾਂ ਨੂੰ ਸਾਧ ਸੰਗਤ, ਅਭਿਆਗਤ ਅਤੇ ਅਤਿਥੀਆਂ ਲਈ ਲੰਗਰ ਦੀ ਵਿਵਸਥਾ ਕਰਨ ਦਾ ਹੁਕਮ ਕੀਤਾ। ਇੱਕ ਰਾਤ ਨੂੰ ਆਪ ਜੀ, ਸਾਧੂਆਂ ਵਾਲਾ ਭਗਵਾਂ ਭੇਖ ਪਹਿਨਕੇ ਅੱਧੀ ਰਾਤੀਂ ਲੰਗਰ ਦੇ ਪ੍ਰਬੰਧਾਂ ਦੀ ਜਾਂਚ ਕਰਨ ਲਈ ਕਿਲ੍ਹੇ ਤੋਂ ਬਾਹਰ ਗਏ। (ਪਿਆਰੇ) ਭਾਈ ਧਰਮ ਸਿੰਘ ਜੀ ਦੇ ਲੰਗਰ ਪ੍ਰਬੰਧ ਤੋਂ ਪ੍ਰਸੰਨ ਹੋਕੇ, ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਅਨੇਕਾਂ ਵਰਦਾਨ ਦਿੱਤੇ। ਹੁਕਮ ਹੋਇਆ ਤੁਹਾਡੇ ਤੋਂ ਜੋ ਸੰਪ੍ਰਦਾਇ ਚੱਲੇਗੀ, ਉਸ ਸੰਪ੍ਰਦਾਇ ਦੇ ਮਹਾਂਪੁਰਸ਼ ਚਾਰ-ਪਦਾਰਥਾਂ (ਧਰਮ, ਅਰਥ, ਕਾਮ, ਮੋਖਸ਼) ਦੇ ਦਾਤੇ ਹੋਣਗੇ। ਗਰੀਬਾਂ, ਅਨਾਥਾਂ ਅਤੇ ਲੋੜਵੰਦਾਂ ਲਈ ਲੰਗਰ ਚਲਾਇਆ ਕਰਨਗੇ। ਇਸ ਪ੍ਰੰਪਰਾ ਨੂੰ



ਗੁਰੂ ਅਮਰ ਦਾਸ ਜੀ ਦੇ ਡੇਰੇ ਤੇ ਅਕਬਰ ਬਾਦਸ਼ਾਹ ਪੰਗਤ ਵਿੱਚ ਬੈਠ ਕੇ ਗੁਰੂ ਕਾ ਲੰਗਰ ਛਕਣ ਦਾ ਆਨੰਦ ਮਾਣਦੇ ਹੋਏ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲੰਗਰ ਵਿਵਸਥਾ ਦੀ ਜਾਂਚ ਕਰਦੇ ਸਮੇਂ ਭਗਵੇਂ ਵੇਸ ਵਿੱਚ

ਨਿਰਮਲੇ ਸੰਤ ਗੁਰੂ ਕ੍ਰਿਪਾ ਨਾਲ ਪੀੜ੍ਹੀ-ਦਰ-ਪੀੜ੍ਹੀ ਨਿਭਾਉਂਦੇ ਆ ਰਹੇ ਹਨ। ਸੰਨ 1970 ਈ. ਵਿੱਚ ਮਹੰਤ ਆਤਮਾ ਸਿੰਘ ਜੀ ਨੇ ਨਿਰਮਲ ਆਸ਼ਰਮ-ਰਿਸ਼ੀਕੇਸ਼ ਵਿਖੇ 'ਵਿਰੱਕਤ' ਮਹਾਰਾਜ ਜੀ ਦੀ ਪ੍ਰੇਰਨਾ ਅਤੇ ਆਗਿਆ ਨਾਲ ਸਵੇਰ ਦਾ ਅੰਨ-ਛੇਤਰ (ਗੁਰੂ ਕਾ ਲੰਗਰ) ਸ਼ੁਰੂ ਕੀਤਾ। ਪ੍ਰੰਪਰਾ ਅਨੁਸਾਰ ਹੁਣ ਵੀ ਪ੍ਰਤੀ ਦਿਨ ਸਵੇਰੇ ਤਕਰੀਬਨ 800 ਸੰਤ-ਮਹਾਤਮਾਂ ਭੋਜਨ ਲੈਣ ਲਈ ਆਉਂਦੇ ਹਨ। ਉਨ੍ਹਾਂ ਦੇ ਸਤਿਕਾਰ ਵਜੋਂ ਆਰਤੀ ਅਤੇ ਫੁੱਲਾਂ ਦੀ ਵਰਖਾ ਕਰਨ ਤੋਂ ਬਾਅਦ, ਸ਼ਰਧਾ ਸਹਿਤ ਲੰਗਰ ਵਰਤਾਇਆ ਜਾਂਦਾ ਹੈ। ਸਾਲਾਨਾ ਸਮਾਗਮਾਂ ਅਤੇ ਹੋਰ ਕਈ ਮੌਕਿਆਂ ਤੇ ਸਾਧੂ-ਸੰਤਾਂ ਲਈ ਵਿਸ਼ੇਸ਼ ਭੰਡਾਰੇ ਵੀ ਕੀਤੇ ਜਾਂਦੇ ਹਨ। ਇਮਾਰਤਾਂ ਦੀ ਉਸਾਰੀ ਕਰ ਰਹੇ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ, ਹਸਪਤਾਲਾਂ



ਛੇਤਰ ਲੈਣ ਆਏ ਸਾਧੂ-ਸੰਤਾਂ ਦੀ ਆਰਤੀ ਉਤਾਰਦੇ ਅਤੇ ਫੁੱਲਾਂ ਦੀ ਵਰਖਾ ਕਰਦੇ ਹੋਏ



ਪੂਜਨੀਕ ਮਹਾਰਾਜ ਜੀ ਨਿਰਮਲ ਆਸ਼ਰਮ-ਰਿਸ਼ੀਕੇਸ਼ ਵਿਖੇ ਸਵੇਰ ਦੇ ਅੰਨ-ਛੇਤ੍ਰ ਵਰਤਾਉਣ ਦੀ ਹੱਥੀਂ ਸੇਵਾ ਕਰਦੇ ਹੋਏ

ਦੇ ਸਟਾਫ ਅਤੇ ਮਰੀਜ਼ਾਂ ਦੀ ਜ਼ਰੂਰਤ ਅਨੁਸਾਰ ਲੰਗਰ ਪਹੁੰਚਾਇਆ ਜਾਂਦਾ ਹੈ। ਨਿਰਮਲ ਕੁਟੀਆ ਕਰਨਾਲ (ਤਪ-ਸਥਾਨ ਸੰਤ ਬਾਬਾ ਨਿੱਕਾ ਸਿੰਘ ਜੀ) ਵਿਖੇ ਗੁਰੂ ਕੇ ਲੰਗਰ ਦਾ ਪ੍ਰਵਾਹ ਨਿਰੰਤਰ ਚਲਦਾ ਹੈ। ਇਥੇ ਵੀ ਹਰ ਰੋਜ਼ ਕਰੀਬ 1200-1500 ਗਰੀਬ, ਮਜ਼ਦੂਰ ਅਤੇ ਬੇਸਹਾਰਾ ਪ੍ਰਾਣੀ ਬਿਨਾਂ ਕਿਸੇ ਭੇਦ ਭਾਵ ਤੋਂ ਪ੍ਰੰਪਰਾ ਅਨੁਸਾਰ ਪੰਗਤਾਂ ਵਿੱਚ ਬੈਠ ਕੇ ਲੰਗਰ ਛਕਦੇਹ ਨ॥ ਇਸੇਸ ਥਾਨਤੇ ਸ੍ਰੀਮਾਨਸੰਤ ਨਿਰਭਿੰਦਰ ਸਿੰਘ ਜੀ 'ਸਰਪੰਚ' ਅਤੇ ਸੰਤ ਬਾਬਾ ਕੰਵਲਇੰਦਰ ਸਿੰਘ ਜੀ, ਅਪਣੇ ਹੱਥੀਂ ਲੰਗਰ ਵਰਤਾਉਣ ਦੀ ਸੇਵਾ ਨਿਤਾ-ਪ੍ਰਤੀ ਸ਼ਰਧਾ ਪੂਰਬਕ ਕਰਦੇ ਹਨ। ●



ਨਿਰਮਲ ਕੁਟੀਆ-ਕਰਨਾਲ ਵਿਖੇ ਸਵੇਰ ਦਾ ਲੰਗਰ ਵਰਤਾਉਣ ਸਮੇਂ ਦੀ ਮੂੰਹ ਬੋਲਦੀ ਤਸਵੀਰ

# ਜਲ, ਮੱਲ੍ਹਮ-ਪੱਟੀ, ਦਵਾਈ, ਜੀਵਨ

ਗੁਰੂ ਘਰ ਵਿੱਚ ਸੇਵਾ ਦਾ ਵਿਸ਼ੇਸ਼ ਸਥਾਨ ਹੈ।

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਬਖਸ਼ਿਸ਼ ਪ੍ਰਾਪਤ ਕਰਕੇ ਭਾਈ ਘਨੱਈਆ ਜੀ ਸੇਵਾ, ਤਿਆਗ ਅਤੇ ਪਰਉਪਕਾਰ ਦੀ ਸਾਕਾਰ ਮੂਰਤ ਬਣੇ। ਜੰਗਾਂ ਸਮੇਂ ਰਣ-ਤੱਤੇ ਵਿੱਚ ਅਪਣੇ ਬਿਗਾਨੇ ਦੇ ਭੇਦ-ਭਾਵ ਮਿਟਾ ਕੇ ਸਮ-ਦ੍ਰਿਸ਼ਟੀ ਨਾਲ ਪਿਆਸਿਆਂ ਨੂੰ ਗੁਰੂ-ਰੂਪ ਸਮਝ ਕੇ ਜਲ ਛਕਾਉਣਾ ਤੇ ਜ਼ਖਮੀਆਂ ਦੀ ਮੱਲ੍ਹਮ-ਪੱਟੀ ਕਰਨਾ, ਵਿਸਮਾਦੀ ਝਰਨਾਟਾਂ ਛੇੜਨ ਵਾਲੀ



ਭਾਈ ਘਨੱਈਆ ਜੀ ਜੰਗ ਦੇ ਮੈਦਾਨ ਵਿੱਚ ਜ਼ਖ਼ਮੀਆਂ ਨੂੰ ਬਿਨਾਂ ਭੇਦ-ਭਾਵ ਦੇ ਜਲ ਛਕਾਉਂਦੇ ਹੋਏ

ਇਕ ਅਨੋਖੀ ਇਤਿਹਾਸਕ ਘਟਨਾ ਹੈ। ਭਾਈ ਸਾਹਿਬ, ਸੇਵਾ ਦਾ ਐਸਾ ਪੰਥ ਚਲਾ ਗਏ ਕਿ ਅੱਜ ਤੱਕ ਲੱਖਾਂ ਨਹੀਂ, ਕਰੋੜਾਂ ਪ੍ਰਾਣੀ ਇਸ ਜਲ ਨਾਲ ਹਰੇ ਹੋ ਚੁੱਕੇ ਹਨ। ਵਰਤਮਾਨ ਵਿੱਚ ਦੁਨੀਆਂ ਦੀ ਸਭ ਤੋਂ ਵੱਡੀ ਸਮਾਜ - ਸੇਵੀ ਸੰਸਥਾ ਰੈਡ ਕਰਾਸ (Red Cross) ਹੈ ਜੋ ਜਨ ਜੀਵਨ ਦੇ ਹਰ ਖੇਤ੍ਰ ਵਿੱਚ ਬਿਨਾਂ ਕਿਸੇ ਭੇਦ-ਭਾਵ ਤੋਂ ਜਲ, ਮੱਲ੍ਹਮ-ਪੱਟੀ- ਦਵਾਈ ਦੇ ਕੇ ਜੀਵਨ ਦਾਨ ਦੇਣ ਦੀ ਮਹਾਨ ਸੇਵਾ ਕਰਦੀ ਹੈ। ਯਕੀਨਨ ਹੀ ਇਹ ਸੰਸਥਾ ਭਾਈ ਘਨੱਈਆ ਜੀ ਦੀ ਉਸ ਮਹਾਨ ਵਿਤਕਰੇ-ਰਹਿਤ ਸੇਵਾ ਦਾ ਹੀ ਵਿਸ਼ਾਲ ਰੂਪ ਹੈ ਅਥਵਾ ਭਾਈ ਸਾਹਿਬ ਜੀ ਹੀ ਇਸ ਸੰਸਥਾ ਦੀ ਸਥਾਪਨਾ ਦਾ ਮੂਲ ਹਨ।

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਯੁੱਧ ਖੇਤ੍ਰ ਵਿੱਚ ਜੂਝਦੇ ਸੂਰਬੀਰ ਜ਼ਖਮੀਆਂ ਨੂੰ ਸਮਤਾ-ਭਾਵ ਨਾਲ ਪਾਣੀ ਪਿਲਾਉਣ ਅਤੇ ਮੱਲ੍ਹਮ-ਪੱਟੀਕ ਰਨਦ ਿਮ ਹਾਨਸੇ ਵਾਭ ਾਈ ਘਨੱਈਆ ਜੀ ਨੂੰ ਬਖ਼ਸ਼ੀ ਉੱਥੇ ਨਿਰਮਲੇ ਸੰਤਾਂ ਨੂੰ ਇਹ ਵਰਦਾਨ ਦਿੱਤਾ ਕਿ ਉਹ ਪ੍ਰਾਣੀ ਮਾਤ੍ਰ ਨੂੰ ਆਤਮਿਕ ਗਿਆਨ ਰਾਹੀਂ ਮਨ ਦੀ ਆਰੋਗਤਾ ਅਤੇ ਦਵਾਈਆਂ ਰਾਹੀਂ ਸ਼ਰੀਰਕ ਰੋਗਾਂ ਦੀ ਨਵਿਰਤੀ ਕਰਕੇ ਤਨ-ਦਰੁਸਤੀ ਦਾ ਸੁੱਖ ਬਖਸ਼ਣ। ਇਸੇ ਵਰਦਾਨ ਸਦਕਾ ਨਿਰਮਲ ਸੰਪ੍ਰਦਾਇ ਦੇ ਸੰਤ-ਜਨ, ਥਾਂ-ਥਾਂ ਤੇ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੀ ਸਥਾਪਨਾ ਕਰਕੇ ਰੋਗੀਆਂ ਦੀ ਸੇਵਾ ਕਰ ਰਹੇ ਹਨ।

ਪੂਜਨੀਕ ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ 'ਵਿਰੱਕਤ' ਫੁਰਮਾਇਆ ਕਰਦੇ ਸਨ ਕਿ "ਭਾਈ! ਸਭ ਤੋਂ ਪ੍ਰਮੁੱਖ ਸੇਵਾ ਕਿਸੇ ਭੁੱਖੇ ਪ੍ਰਾਣੀ ਨੂੰ ਰੋਟੀ ਦੇਣਾ, ਦੂਜੀ ਕਿਸੇ ਨੰਗੇ ਨੂੰ ਤਨ ਢਕਣ ਲਈ ਕੱਪੜਾ ਦੇਣਾ ਅਤੇ ਤੀਜੀ ਉੱਤਮ ਸੇਵਾ ਕਿਸੇ ਵੀ ਲੋੜਵੰਦ ਬੀਮਾਰ ਨੂੰ ਦਵਾਈ-ਬੂਟੀ ਦੇਣ ਦਾ ਪ੍ਰਬੰਧ ਕਰਨਾ ਹੈ।" ਇਨ੍ਹਾਂ ਸਾਰੇ ਬਚਨਾਂ ਨੂੰ ਆਪ ਜੀ ਦੇ ਅਨਿੰਨ ਸੇਵਕ ਭਾਈ ਰਾਮ ਸਿੰਘ ਜੀ ਨੇ ਅਪਣੇ ਹਿਰਦੇ ਵਿੱਚ ਸੰਭਾਲ ਕੇ ਰੱਖਿਆ ਹੋਇਆ ਸੀ। ਸ੍ਰੀਮਾਨ ਮਹੰਤ ਨਾਰਾਇਣ ਸਿੰਘ ਜੀ ਦੇ ਸ਼ਰੀਰ ਸ਼ਾਂਤ ਹੋਣ ਉਪਰੰਤ ਨਿਰਮਲ ਆਸ਼ਰਮ-ਰਿਸ਼ੀਕੇਸ਼ ਦੀ ਸੇਵਾ ਸੰਤ ਬਾਬਾ ਰਾਮ ਸਿੰਘ ਜੀ ਨੂੰ ਸੌਂਪੀ ਗਈ। 'ਵਿੱਰਕਤ' ਜੀ ਦੀ ਆਗਿਆ ਨਾਲ, ਨਿਰਮਲ ਸਾਧੂ ਸਮਾਜ ਨੇ ਆਪ ਜੀ ਨੂੰ ਆਸ਼ਰਮ ਦਾ ਮਹੰਤ ਥਾਪਿਆ। ਅਪਣੇ ਪੂਜਨੀਕ ਗੁਰੂਦੇਵ ਦੇ ਬਚਨਾਂ ਨੂੰ ਸਾਕਾਰ ਕਰਨ ਲਈ ਰਿਸ਼ੀਕੇਸ਼ ਵਿਖੇ ਸੰਨ 1986 ਈ. ਦੇ ਹਰਿਦੁਆਰ ਕੁੰਭ ਮੇਲੇ ਦੌਰਾਨ 16 ਅਪ੍ਰੈਲ ਨੂੰ ਸਾਧੂ-ਸੰਤਾਂ ਅਤੇ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਵਿੱਚ ਹਸਪਤਾਲ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। 13 ਅਪ੍ਰੈਲ ਸੰਨ 1990 ਈ. ਨੂੰ ਵਿਸਾਖੀ ਦੇ ਸ਼ੁੱਭ ਦਿਹਾੜੇ ਤੇ ਇਸੇ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 11 ਸ੍ਰੀ ਅਖੰਡ ਪਾਠਾਂ ਦੇ ਭੋਗ, ਕੀਰਤਨ ਅਤੇ ਅਰਦਾਸ ਉਪਰੰਤ ਨਿਰਮਲ ਆਸ਼ਰਮ ਹਸਪਤਾਲ (NAH) ਦੀ ਸੇਵਾ ਅਰੰਭ ਕੀਤੀ ਗਈ। ਹਸਪਤਾਲ ਦੇ ਨਾਲ ਲਗਦੀ ਹੋਰ ਜਮੀਨ ਖ੍ਰੀਦ ਕੇ ਇੱਕ ਵਿਸ਼ਾਲ (ਪੰਜ ਮੰਜ਼ਲਾਂ) ਇਮਾਰਤ ਬਣਾਈ



ਗਈ। ਗਰੀਬਾਂ ਦੇ ਮਸੀਹਾ, ਸੰਤ ਸ਼੍ਰੋਮਣੀ ਮਹੰਤ ਬਾਬਾ ਰਾਮ ਸਿੰਘ ਜੀ ਦੀ ਦਿਆਲਤਾ ਸਦਕਾ ਇਸ ਹਸਪਤਾਲ ਵਿੱਚ ਦੀਨ-ਦੁਖੀਆਂ, ਗਰੀਬਾਂ, ਅਪਾਹਜਾਂ ਅਤੇ ਸਾਧੂ-






ਸੰਤਾਂ ਦੇ ਰੋਗਾਂ ਦਾ ਇਲਾਜ ਮੁਫਤ ਹੁੰਦਾ ਹੈ। ਸੁਯੋਗ ਅਤੇ ਅਨੁਭਵੀ ਡਾਕਟਰ, ਮਿਹਨਤੀ ਸਟਾਫ ਅਤੇ ਆਧੁਨਿਕ ਸੁਵਿਧਾਵਾਂ ਨਾਲ ਸੁਸੱਜਿਤ ਇਹ ਹਸਪਤਾਲ, ਰਿਸ਼ੀਕੇਸ਼ ਅਤੇ ਆਸ ਪਾਸ ਦੇ ਖੇਤ੍ਰਾਂ ਵਿੱਚ ਵਸਦੇ ਨਾਗਰਿਕਾਂ ਦੇ ਹਰ ਵਰਗ ਲਈ ਇੱਕ ਵਰਦਾਨ ਹੈ। ਇੱਕ ਸਮੇਂ ਪੂਜਯ ਮਹਾਰਾਜ ਜੀ ਦੇ ਅਨਿੰਨ ਸੇਵਕ ਸ੍ਰੀ ਚੰਦਰੂ ਕੇਵਲਰਾਮਾਨੀ ਨੇ ਸਮਾਜ ਭਲੇ ਨਾਲ ਸੰਬੰਧਿਤ ਕੋਈ ਸੇਵਾ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਦੇ ਇਸ ਸ਼ੁੱਭ ਸੰਕਲਪ ਨੂੰ ਪੂਰਾ ਕਰਨ ਲਈ ਸੰਨ 2005 ਈ. ਵਿੱਚ ਪੂਜਨੀਕ ਮਹਾਰਾਜ ਜੀ ਨੇ ਨਿਰਮਲ ਆਸ਼ਰਮ ਹਸਪਤਾਲ ਦੇ ਤਿੰਨ ਕੁ ਕਮਰਿਆਂ ਵੱਚਅ ੱਖਾਂਦ ੇਹ ਰਪ ੍ਕਾਰਦ ੇ ਰੋਗਾਂ ਦੀ ਜਾਂਚ, ਆਪਰੇਸ਼ਨ ਆਦਿ ਦੀ ਮੁਫਤ ਸੇਵਾ ਸ਼ੁਰੂ ਕਰਾਈ। ਮਰੀਜਾਂ ਨੂੰ ਘਰੋਂ ਲਿਆਉਣ ਤੇ ਆਪਰੇਸ਼ਨ ਉਪਰੰਤ ਬੱਸਾਂ ਵਿੱਚ ਵਾਪਸ ਛੱਡਣ ਦੀ ਸੇਵਾ ਕੀਤੀ ਜਾਂਦੀ ਹੈ। ਸਫਲ ਆਪਰੇਸ਼ਨ ਤੇ ਸੁਚੱਜੀ ਸੇਵਾ ਦੇ ਕਾਰਨ ਮਰੀਜਾਂ ਦੀ ਗਿਣਤੀ ਵੱਧਣ ਲਗੀ ਅਤੇ ਜਗ੍ਹਾ ਦੀ ਘਾਟ ਮਹਿਸੂਸ ਹੋਣ ਲੱਗੀ। ਇਨ੍ਹਾਂ ਸਾਰੀਆਂ ਲੋੜਾਂ ਨੂੰ ਦੇਖਦੇ ਹੋਏ ਅਤੇ ਇਸ ਸੇਵਾ ਦਾ ਵਿਸਤਾਰ ਕਰਨ ਲਈ ਹਰਿਦੁਆਰ ਤੋਂ ਦੇਹਰਾਦੂਨ ਸੜਕ ਤੇ ਨੇਪਾਲੀ ਫਾਰਮ ਦੇ ਨੇੜੇ ਐਨ. ਜੀ. ਏ. (NGA) ਸਕੂਲ ਦੇ ਨਾਲ ਲਗਦੀ ਜਮੀਨ ਖ੍ਰੀਦ ਕੇ ਨਿਰਮਲ ਆਸ਼ਰਮ ਆਈ ਇੰਸਟੀਚਿਊਟ (NEI) ਦੀ ਸਥਾਪਨਾ ਹੋਈ। ਇੱਥੇ ਅੱਖਾਂ ਦੇ ਸਾਰੇ ਰੋਗਾਂ ਦੇ ਇਲਾਜ ਦੀ ਸੁਵਿਧਾ ਹੈ। ਕੈਂਪਾਂ ਤੋਂ ਲਿਆਂਦੇ ਸਾਰੇ ਗਰੀਬ ਮਰੀਜਾਂ ਦੀਆਂ ਅੱਖਾਂ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ।

ਪੂਜਨੀਕ ਮਹਾਰਾਜ ਜੀ ਦੁਆਰਾ ਜਿੱਥੇ ਗੁਰਬਾਣੀ ਸੰਥਯਾ, ਕੀਰਤਨ ਸਿਖਾਉਣਾ, ਗੁਰੂ ਕਾ ਲੰਗਰ (ਅਤੁੱਟ) ਚਲਾਉਣਾ, ਤਿੰਨ ਸਕੂਲਾਂ ਰਾਹੀਂ ਅਨੇਕਾਂ ਗਰੀਬ ਬੱਚੇ ਅਤੇ ਬੱਚੀਆਂ ਨੂੰ ਮੁਫਤ ਪੜ੍ਹਾਈ ਕਰਾਉਣਾ, ਬਿਰਧਾਂ ਅਤੇ ਅਨਾਥ ਬੱਚਿਆਂ ਦੀ ਸੇਵਾ ਕਰਨਾ ਕਰਨਾਲ ਸ਼ਹਿਰ ਵਿੱਖੇ ਪਹਿਲੇ ਹੀ ਹੈ ਉੱਥੇ ਹੁਣ ਗਰੀਬ ਜਨਤਾ ਦੇ ਸ਼ਰੀਰਕ ਰੋਗਾਂ ਦਾ ਮੁਫਤ ਇਲਾਜ ਕਰਨ ਲਈ ਸੰਤ ਨਿੱਕਾ ਸਿੰਘ ਚੈਰੀਟੇਬਲ ਹਸਪਤਾਲ ਦੀ ਇਮਾਰਤ, ਸ਼ਿਵ ਕਲੋਨੀ ਕਰਨਾਲ ਵਿਖੇ ਨਿਰਮਾਣ ਅਧੀਨ ਹੈ।




NIRMAL ASHRAM


















ਨਿਰਮਲ ਆਸ਼ਰਮ ਆਈ ਇਨੰਸਟੀਚਿਊਟ (NEI) ਖੈਰੀ ਕਲਾਂ, ਰਿਸ਼ੀਕੇਸ਼ (ਉੱਤਰਾਖੰਡ)













ਪੂਨਮ-ਆਪਰੇਸ਼ਨ ਤੋਂ ਪਹਿਲਾਂ



ਪੂਨਮ-ਆਪਰੇਸ਼ਨ ਤੋਂ ਬਾਦ




ਡਾਕਟਰਾਂ ਅਤੇ ਸਟਾਫ ਲਈ ਰਿਹਾਇਸ਼ੀ ਮਕਾਨ



ਪਾਰਕਿੰਗ

# ਗਿਆਨ ਦਾਨ

ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਚੰਦਰਮਾ ਲੁਪਤ ਹੋ ਜਾਂਦਾ ਹੈ ਤਿਵੇਂ ਹੀ ਮਨੁੱਖੀ ਹਿਰਦੇ ਵਿੱਚ ਗਿਆਨ ਪ੍ਰਚੰਡ ਹੋਣ ਨਾਲ ਅਗਿਆਨ ਦਾ ਅੰਧੇਰਾ ਮਿਟ ਜਾਂਦਾ ਹੈ। ਗੁਰਬਾਣੀ ਦਾ ਇਹ ਕਥਨ, ਮਨੁੱਖੀ ਜੀਵਨ ਵਿੱਚ ਵਿੱਦਿਆ ਦਾ ਮਹੱਤਵ ਦਰਸਾਉਂਦਾ ਹੈ। 20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੇ ਸ਼ੁਰੂ ਵਿੱਚ, ਮਨੁੱਖ ਨੇ ਹਰ ਪੱਧਰ ਤੇ ਵਿਸ਼ੇਸ਼ ਉਪਲੱਬਧੀਆਂ ਕੀਤੀਆਂ ਹਨ ਜੋ ਕਿ ਆਧੁਨਿਕ ਵਿੱਦਿਆ ਸਦਕਾ ਹੀ ਸੰਭਵ ਹੋ ਪਾਇਆ ਹੈ ਪ੍ਰੰਤੂ ਪ੍ਰੰਪਰਾਵਾਦੀ ਵਿਚਾਰ-ਧਾਰਾ ਤੋਂ ਬਗੈਰ ਆਧੁਨਿਕ ਖੋਜ ਅਤੇ ਸਾਧਨ ਅਪੂਰਣ ਹੀ ਰਹਿੰਦੇ ਹਨ।

ਸੋ ਪੜਿਆ ਸੋ ਪੰਡਿਤੁ ਬੀਨਾ
ਜਿਨੀ ਕਮਾਣਾ ਨਾਉ॥

ਇਸ ਪ੍ਰਕਾਰ ਧਰਮ ਤੋਂ ਬਿਨਾਂ ਵਿਗਿਆਨ ਦਾ ਅਸਿਤਿਤ੍ਵ ਨਹੀਂ ਮੰਨਿਆ ਜਾ ਸਕਦਾ।

ਨਿਰਮਲ ਆਸ਼ਰਮ ਰਿਸ਼ੀਕੇਸ਼ ਦੁਆਰਾ ਸੰਚਾਲਿਤ ਸਾਰੇ ਵਿੱਦਿਆ ਕੇਂਦਰਾਂ ਵਿੱਚ ਇਹੀ ਸੰਯੁਕਤ ਪ੍ਰਣਾਲੀ ਲਾਗੂ ਹੈ।

ਰਿਸ਼ੀਕੇਸ਼ ਤੋਂ ਹਰਿਦੁਆਰ ਮਾਰਗ ਤੇ ਲੱਗਭੱਗ 8 ਕਿਲੋਮੀਟਰ ਦੀ ਦੂਰੀ ਤੇ ਸਥਿੱਤ ਨਿਰਮਲ ਆਸ਼ਰਮ ਦੀਪਮਾਲਾ (ਸੀਨੀਅਰ ਸੈਕੰਡਰੀ) ਪਬਲਿਕ ਸਕੂਲ (NDS) ਸ਼ਿਆਮਪੁਰ, ਅੰਗਰੇਜ਼ੀ ਮਾਧਿਅਮ ਦੁਆਰਾ ਅਜੋਕੀ ਵਿੱਦਿਆ ਦੇਣ ਦਾ ਇਸ ਇਲਾਕੇ ਦਾ ਸ਼੍ਰੋਮਣੀ ਸਕੂਲ ਹੈ। ਸੀ. ਬੀ. ਐਸ. ਈ. (CBSE) ਤੋਂ ਮਾਨਿਅਤਾ ਪ੍ਰਾਪਤ ਇਹ ਸਕੂਲ ਨਿਰਧਾਰਿਤ ਪਾਠਯਕਰਮ ਦੇ ਨਾਲ-ਨਾਲ ਯੋਗਾ, ਸਾਂਸਕ੍ਰਿਤਕ ਗਤੀਵਿਧੀਆਂ, ਖੇਡਾਂ, ਨੈਤਿਕ ਅਤੇ ਧਾਰਮਿਕ ਸਿੱਖਿਆ ਪ੍ਰਦਾਨ ਕਰਦਾ ਹੈ। ਇੱਥੇ ਬੱਚਿਆਂ ਦੇ ਉੱਚ ਆਚਰਣ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਹੈ। ਇਸ ਸਮੇਂ ਸਕੂਲ ਵਿੱਚ ਲੱਗਭੱਗ 1600 ਵਿਦਿਆਰਥੀ ਹਨ। ਇੱਥੇ ਆਰਟਸ (Arts), ਸਾਇੰਸ (Science) ਅਤੇ ਕਾਮਰਸ (Commerce) ਤਿੰਨੋਂ ਵਿਸ਼ਿਆਂ ਦੇ ਪੜ੍ਹਨ ਦੀ ਸੁਵਿਧਾ ਹੈ। ਦੇਸ਼ ਵਿਦੇਸ਼ ਤੋਂ ਆਏ ਵਿਦਿਆਰਥੀਆਂ ਲਈ ਸਾਫ-ਸੁਥਰੇ ਵਾਤਾਵਰਣ ਵਿੱਚ ਬੋਰਡਿੰਗ ਹਾਊਸ ਦੀ ਵੀ




ਬੋਰਡਿੰਗ ਹਾਊਸ ਦਾ ਮੁੱਖ ਦੁਆਰ

ਸੁਵਿਧਾ ਹੈ ਜਿੱਥੇ ਸ਼ੁੱਧ ਵੈਸ਼ਨੂੰ ਭੋਜਨ ਅਤੇ ਸਕੂਲ ਦੀ ਨਿਰਮਲ ਬੇਕਰੀ ਵਿੱਚ ਤਿਆਰ ਕੀਤੇ ਸ਼ੁੱਧ ਪਦਾਰਥ ਬੱਚਿਆਂ ਅਤੇ ਸਟਾਫ ਨੂੰ ਉਪਲੱਬਧ ਕਰਾਏ ਜਾਂਦੇ ਹਨ। ਇੱਥੇ ਹੀ ਸਵਿਮਿੰਗ ਪੂਲ ਅਤੇ ਇੱਕ ਬਹੁ-ਮਕਸਦੀ ਹਾਲ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਹੈ।




ਨਿਰਮਲ ਦੀਪਮਾਲਾ ਪਬਲਿਕ ਸਕੂਲ (NDS) ਸ਼ਿਆਮਪੁਰ (ਰਿਸ਼ੀਕੇਸ਼) ਦੇ ਪ੍ਰਾਂਗਣ ਦਾ ਦਿਲ ਖਿੱਚਵਾਂ ਦ੍ਰਿਸ਼























N D S RISHIKESH

ਪਿੱਛੇ ਦੱਸਿਆ ਜਾ ਚੁਕਿਆ ਹੈ ਕਿ ਵਿੱਦਿਆ ਤੋਂ ਬਗੈਰ ਮਨੁੱਖ ਦਾ ਮਾਨਸਿਕ ਵਿਕਾਸ ਅਸੰਭਵ ਹੈ। ਇਸ ਲਈ ਵਿੱਦਿਆ ਸਮਾਜ ਦੇ ਸਾਰੇ ਵਰਗਾਂ ਦੇ ਪ੍ਰਾਣੀਆਂ ਦੀ ਜ਼ਰੂਰਤ ਹੈ। ਆਰਥਿਕ ਤੌਰ ਤੇ ਚੰਗੇ ਘਰਾਂ ਦੇ ਬੱਚੇ ਤਾਂ ਉੱਚ-ਸਤਰ ਦੀ ਵਿੱਦਿਆ ਸਹਜੇ ਹੀ ਪ੍ਰਾਪਤ ਕਰ ਸਕਦੇ ਹਨ ਪ੍ਰੰਤੂ ਅਤੀ ਗਰੀਬ ਘਰਾਂ ਦੇ ਬੱਚੇ ਅਜਿਹੀ ਉੱਚ-ਸਤਰ ਦੀ ਚੰਗੀ ਵਿੱਦਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਪੱਖ ਦੀ ਪੂਰਤੀ ਕਰਨ ਲਈ ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ (NGA) ਦੀ ਸਥਾਪਨਾ ਖੈਰੀ ਕਲਾਂ ਵਿਖੇ ਕੀਤੀ ਗਈ। ਇਸ ਸਕੂਲ ਵਿੱਚ ਜਾਤ, ਧਰਮ, ਰੰਗ, ਨਸਲ ਅਤੇ ਖੇਤਰੀ ਭੇਦ-ਭਾਵ ਤੋਂ ਅਲੱਗ ਰਹਿਕੇ ਕੇਵਲ ਆਰਥਿਕ ਤੌਰ ਤੇ ਪਿਛੜੇ ਮਾਪਿਆਂ ਦੇ ਬੱਚਿਆਂ ਨੂੰ ਹੀ ਦਾਖਲਾ ਦਿੱਤਾ ਜਾਂਦਾ ਹੈ। ਸੀ.ਬੀ.ਐਸ.ਈ. ਦਿੱਲੀ ਦੇ ਪਾਠਯਕਰਮ ਤੇ ਆਧਾਰਿਤ, ਅੰਗ੍ਰੇਜ਼ੀ ਮੀਡੀਅਮ ਦੇ ਇਸ ਸਕੂਲ ਵਿੱਚ ਕੋਈ ਵੀ ਫ਼ੀਸ ਨਹੀਂ ਬਲਕਿ ਬੱਚਿਆਂ ਨੂੰ ਸਕੂਲ- ਯੂਨੀਫਾਰਮ, ਪੁਸਤਕਾਂ, ਸਟੇਸ਼ਨਰੀ, ਦੁੱਧ-ਨਾਸ਼ਤਾ, ਆਵਾਜਾਈ ਦੇ ਸਾਧਨ ਆਦਿ ਸਾਰੀਆਂ ਸੁਵਿਧਾਵਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਵਿੱਦਿਆਰਥੀਆਂ ਦਾ ਡਾਕਟਰੀ ਮੁਆਇਨਾ ਅਤੇ ਇਲਾਜ ਵੀ ਮੁਫਤ ਕੀਤਾ ਜਾਂਦਾ ਹੈ। ਸਕੂਲ ਦਾ ਅਨੁਭਵੀ ਅਤੇ ਮਿਹਨਤੀ ਸਟਾਫ ਵੀ ਇਨ੍ਹਾਂ ਬੱਚਿਆਂ ਨੂੰ ਸਮਰਪਿਤ ਭਾਵਨਾ ਅਤੇ ਮਿਹਨਤ ਨਾਲ ਪੜ੍ਹਾਈ ਕਰਾਉਂਦਾ ਹੈ। ਕੰਪਿਊਟਰ ਸਿੱਖਿਆ, ਹਸਤ-ਕਲਾ, ਖੇਡਾਂ, ਸੰਗੀਤ, ਗੁਰਬਾਣੀ-ਪਾਠ ਅਤੇ ਕੀਰਤਨ ਸਿਖਾਉਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਹ ਸਕੂਲ, ਰਿਸ਼ੀਕੇਸ਼ ਤੋਂ ਲੱਗਭੱਗ 13 ਕਿਲੋਮੀਟਰ ਦੂਰ ਹਰਿਦੁਆਰ-ਦੇਹਰਾਦੂਨ ਰੋਡ ਤੇ ਨੇਪਾਲੀ ਫਾਰਮ ਦੇ ਨੇੜੇ, ਹਰੇ ਭਰੇ ਵਾਤਾਵਰਣ ਵਿੱਚ ਸਥਿੱਤ ਹੈ।






ਪ੍ਰਸ਼ਾਸ਼ਕੀ ਵਿਭਾਗ ਦੇ ਉਦਘਾਟਨ ਸਮੇਂ ਦੀ ਇੱਕ ਝਾਕੀ

NGA
KHAIRI
KALAN
RISHIKESH



29 ਮਾਰਚ, 2009 ਨੂੰ ਇੱਕ ਅਤੀ ਸੁੰਦਰ ਅਤੇ ਵਿਸ਼ਾਲ ਪ੍ਰਸ਼ਾਸਕੀ ਵਿਭਾਗ ਦੀ ਅਰੰਭਤਾ ਹੋਈ ਹੈ। ਇਸ ਦੇ ਨਜ਼ਦੀਕ ਹੀ ਸੀਨੀਅਰ ਸ ਸੈਕੰਡਰੀ ਬਲਾਕ ਨਿਰਮਾਣ ਅਧੀਨ ਹੈ। ਬਹੁ-ਮਕਸਦੀ ਹਾਲ, ਖੇਡ-ਮੈਦਾਨ ਅਤੇ ਸਟੇਡੀਅਮ ਵੀ ਯੋਜਨਾ ਅਧੀਨ ਹਨ।

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।।



## ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ
## ਖੈਰੀਕਲਾਂ-ਰਿਸ਼ੀਕੇਸ਼




ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।। (ਗੁਰਬਾਣੀ ਸ਼ਬਦ ਗਾਇਨ)



## ਐਨ ਜੀ ਏ ਸਕੂਲ
## ਦੀਆਂ ਮੁੱਖ ਗਤੀਵਿਧੀਆਂ





## N G A Activities



ਅਧਿਆਪਕ ਅਤੇ ਬੱਚੇ ਇੱਕ ਸੁਰ ਹੋਕੇ ਗਾਉਂਦੇ ਹੋਏ ਸਕੂਲ ਗੀਤ- 'ਮੇਰਾ ਪਿਆਰਾ ਐਨ ਜੀ ਏ'

ਦਾਨਵੀਰ ਰਾਜਾ ਕਰਨ ਤੋਂ ਵਰੋਸਾਏ ਨਗਰ ਕਰਨਾਲ ਉੱਪਰ ਸਦੀਆਂ ਤੋਂ ਹੀ ਸੰਤਾਂ-ਮਹਾਂਪੁਰਖਾਂ ਦੀ ਬਖਸ਼ਿਸ਼ ਰਹੀ ਹੈ। ਸੰਨ 1556 ਈ. ਦੇ ਕਰੀਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਰਨਾਲ ਸ਼ਹਿਰ ਵਿਖੇ ਆਗਮਨ ਹੋਇਆ। ਅੱਜ ਕੱਲ੍ਹ ਉਸ ਸਥਾਨ ਤੇ ਯਾਦਗਾਰੀ ਗੁਰਦੁਆਰਾਸ ੍ਰਿਮੰ ਜੀਸ ਾਹਿਬਸ ੁਸ਼ੋਭਿਤਹੈ। ਯਕੀਨਨ ਹੀ ਜਿਸ ਇਲਾਕੇ ਵਿੱਚ ਕਿਸੇ ਪੂਰਨ ਮਹਾਂਪੁਰਖ, ਸਾਧੂ-ਸੰਤ ਦਾ ਆਗਮਨ ਅਤੇ ਨਿਵਾਸ ਹੁੰਦਾ ਹੈ, ਉਸ ਇਲਾਕੇ ਦੀ ਫਿਜ਼ਾ ਹੀ ਬਦਲ ਜਾਂਦੀ ਹੈ।

ਕਰਨਾਲ ਸ਼ਹਿਰ ਦੀ ਧਰਤੀ ਭਾਗਸ਼ਾਲੀ ਹੈ ਜਿੱਥੇ ਪਰਮ ਪੂਜਨੀਕ, ਵਿਰੱਕਤ ਸ਼੍ਰੋਮਣੀ, ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ; ਸ੍ਰੀਮਾਨ ਸੰਤ ਬਾਬਾ ਭਗਤ ਸਿੰਘ ਜੀ ਮਹਾਰਾਜ; ਸ੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ ਅਤੇ ਸ੍ਰੀਮਾਨ ਸੰਤ ਗੋਪਾਲ ਸਿੰਘ ਜੀ ਦੇ ਚਰਨ ਪਏ। ਵਰਤਮਾਨ ਕਾਲ ਵਿੱਚ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਪਾਵਨ ਚਰਨ ਪੈਣ ਨਾਲ ਇੱਥੋਂ ਦੇ ਵਸਨੀਕਾਂ ਵਿੱਚ ਆਪਸੀ ਭਾਈਚਾਰਾ, ਪ੍ਰੇਮ, ਧਾਰਮਿਕ ਸੰਸਕਾਰ ਅਤੇ ਨਿਸ਼ਕਾਮ ਸੇਵਾ ਦੀ ਭਾਵਨਾਹ ੋਰਵ ਧੇਰੇਜ ਾਗ੍ਰਿਤਹ ੋਈਹੈ।ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਦੀ ਇਹ ਤਪੋ-ਭੂਮੀ (ਕਰਨਾਲ) ਆਮ ਜਨਤਾ ਲਈ ਗੁਰੂ ਕੇ ਲੰਗਰ, ਗੁਰਬਾਣੀ ਪਾਠ, ਸਕੂਲੀ ਪੜ੍ਹਾਈ, ਡਾਕਟਰੀ ਇਲਾਜ ਦੀ ਨਿਸ਼ਕਾਮ ਸੇਵਾ ਦਾ ਕੇਂਦਰ ਬਣੀ ਹੋਈ ਹੈ। 1. ਸੰਤ ਨਿੱਕਾ ਸਿੰਘ (ਗਰਲਜ਼ ਸੀਨੀਅਰ ਸੈਕੰਡਰੀ) ਪਬਲਿਕ ਸਕੂਲ, ਨਿਰਮਲ ਧਾਮ 2. ਸੰਤ ਨਿੱਕਾ ਸਿੰਘ ਪਬਲਿਕ ਸਕੂਲ-ਸਦਰ ਬਾਜ਼ਾਰ 3. ਸੰਤ ਨਿੱਕਾ ਸਿੰਘ ਪਬਲਿਕ ਸਕੂਲ (CBSE) ਜ਼ਰੀਫਾ ਫਾਰਮ- ਸਾਰੇ ਸਕੂਲਾਂ ਵਿੱਚ ਕਿਤਾਬਾਂ, ਟਰਾਂਸਪੋਰਟ, ਸਿੱਖਿਆ, ਵਰਦੀਆਂ ਆਦਿ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਸਮੇਂ ਤਕਰੀਬਨ 3600 ਬੱਚੇ-ਬੱਚੀਆਂ ਮੁਫਤ ਵਿੱਦਿਆ ਪ੍ਰਾਪਤ ਕਰ ਰਹੇ ਹਨ।








**ਸੰਤ ਨਿੱਕਾ ਸਿੰਘ ਪਬਲਿਕ ਸਕੂਲ ਕਰਨਾਲ**
















ਸੰਤ ਨਿੱਕਾ ਸਿੰਘ ਪਬਲਿਕ ਸਕੂਲਾਂ (SNS) ਦੇ ਬੱਚਿਆਂ ਦੀਆਂ ਗਤੀਵਿਧੀਆਂ

## VOCATIONAL TRAINING

ਉਪਰੋਕਤ ਸੇਵਾਵਾਂ ਤੋਂ ਇਲਾਵਾ ਗਰੀਬ, ਬੇਸਹਾਰਾ ਅਤੇ ਬੇਰੁਜ਼ਗਾਰ ਔਰਤਾਂ ਨੂੰ ਅਪਣੀ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਉਣ ਲਈ, ਰਿਸ਼ੀਕੇਸ਼ ਵਿਖੇ ਹਰੀ ਕ੍ਰਿਪਾ ਸਿਲਾਈ ਕੇਂਦਰ ਚੱਲ ਰਿਹਾ ਹੈ ਜਿੱਥੇ ਗਰੀਬ



ਔਰਤਾਂ ਨੂੰ ਕਟਾਈ-ਸਿਲਾਈ ਦੀ ਸਿਖਲਾਈ ਮੁਫਤ ਕਰਾਈ ਜਾਂਦੀ ਹੈ। ਸਿਖਲਾਈ ਕੋਰਸ ਵਿੱਚ ਉਤੀਰਣ ਹੋਣ ਤੇ ਸਰਟੀਫੀਕੇਟ ਦੇ ਨਾਲ ਨਾਲ ਹਰ ਸਿਖਿਆਰਥੀ ਨੂੰ ਸਹਾਇਤਾ ਵਜੋਂ ਇੱਕ ਸਿਲਾਈ ਮਸ਼ੀਨ ਵੀ ਮੁਫਤ ਦਿੱਤੀ ਜਾਂਦੀ ਹੈ। ਕਰਨਾਲ ਵਿਖੇ



ਸੰਤ ਨਿੱਕਾ ਸਿੰਘ ਵਯਵਸਾਇਕ ਪ੍ਰਸ਼ਿਖਸ਼ਨ ਕੇਂਦ੍ਰ (I.T.I.) ਸੈਨੀ ਕਲੋਨੀ ਵਿੱਚ ਲੜਕੀਆਂ ਨੂੰ ਕੰਪਿਊਟਰ, ਸਿਲਾਈ, ਕਢਾਈ ਅਤੇ Pathology Lab Technician ਦੀ ਮੁਫਤ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਲੜਕੀਆਂ ਪੜ੍ਹਾਈਪ੍ ਗੀਕ ਰਨਤੇ`ਬ ਆਦ,ਅ ਾਸਾਨੀ ਨਾਲ ਨੌਕਰੀ ਜਾਂ ਸ੍ਵੈਰੋਜ਼ਗਾਰ ਰਾਹੀਂ ਅਪਣਾ ਜੀਵਨ ਨਿਰਬਾਹ ਕਰ ਸਕਣ।

# ਮੁੱਖ ਸੇਵਾ ਕੇਂਦਰ

ਨਿਰਮਲ ਆਸ਼ਰਮ ਦੁਆਰਾ ਚੱਲ ਰਹੀਆਂ ਨਿਸ਼ਕਾਮ ਸੇਵਾਵਾਂ ਦਾ ਪ੍ਰਵਾਹ ਕੇਵਲ ਉੱਤਰਾਖੰਡ ਪ੍ਰਦੇਸ਼ ਤੱਕ ਹੀ ਸੀਮਿਤ ਨਹੀਂ ਬਲਕਿ ਹੋਰ ਪ੍ਰਦੇਸ਼ਾਂ ਵਿੱਚ ਵੀ ਸੇਵਾ-ਕੇਂਦਰਾਂ ਰਾਹੀਂ ਲੋਕ ਭਲਾਈ ਦੇ ਕਾਰਜ ਹੋ ਰਹੇ ਹਨ। ਉਨ੍ਹਾਂ ਵਿੱਚੋਂ ਪ੍ਰਮੁੱਖ ਹਨ-ਨਿਰਮਲ ਕੁਟੀਆ-ਕਰਨਾਲ, ਨਿਰਮਲ ਸੰਤ ਨਿਵਾਸ-ਮੁੰਬਈ ਅਤੇ ਸੰਗਤ ਗਿਆਨ ਗੁਫਾ-ਕਾਸ਼ੀ (ਉੱਤਰ ਪ੍ਰਦੇਸ਼)।

**ਨਿਰਮਲ ਬਾਗ-ਕਨਖ਼ਲ (ਹਰਿਦੁਆਰ):** ਉੱਤਰਾਖੰਡ ਦਾ ਇਹ ਦੂਜਾ ਮਹਾਨ ਸੇਵਾ-ਕੇਂਦਰ ਪ੍ਰਾਕ੍ਰਿਤਕ ਸੁੰਦਰਤਾ ਨਾਲ ਭਰਪੂਰ ਰਮਣੀਕ ਸਥਾਨ ਹੈ। ਇਥੇ ਸ੍ਰੀ ਦਰਬਾਰ ਸਾਹਿਬ ਭਵਨ ਵਿਖੇ ਮਰਿਆਦਾ ਅਨੁਸਾਰ ਨਿੱਤ ਨਿਯਮ ਨਾਲ ਪਾਠ ਹੁੰਦਾ ਹੈ। ਸੰਗਤ ਦੇ ਠਹਿਰਨ ਦੀ ਸੁਵਿਧਾ ਅਤੇ ਲੰਗਰ ਦਾ ਚੰਗਾ ਪ੍ਰਬੰਧ ਹੈ। ਇੱਕ ਵਿਸ਼ਾਲ ਸਤਿਸੰਗ ਹਾਲ ਹੈ ਜਿੱਥੇ ਹਰ ਸਾਲ ਮਹਾਂਪੁਰਖਾਂ ਦੇ ਬਰਸੀ ਸਮਾਗਮ ਮਨਾਏ ਜਾਂਦੇ ਹਨ। ਇੱਥੇ ਹੀ ਇੱਕ ਆਧੁਨਿਕ ਢੰਗ ਦੀ ਗਊਸ਼ਾਲਾ ਹੈ, ਜਿੱਥੇ ਵਿਦੇਸ਼ੀ ਨਸਲ ਦੀਆਂ ਗਊਆਂ ਰੱਖੀਆਂ ਹੋਈਆਂ ਹਨ। ਇਨ੍ਹਾਂ ਹੀ ਗਊਆਂ ਦਾ ਦੁੱਧ ਸਕੂਲਾਂ ਦੇ ਵਿਦਿਆਰਥੀਆਂ ਲਈ ਭੇਜਿਆ ਜਾਂਦਾ ਹੈ।

**ਨਿਰਮਲ ਕੁਟੀਆ-ਕਰਨਾਲ (ਹਰਿਆਣਾ) :** ਬ੍ਰਹਮ ਗਿਆਨੀ ਬ੍ਰਹਮਲੀਨ ਸ੍ਰੀਮਾਨ 108 ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਦੀ ਇਸ ਤਪੋਭੂਮੀ ਤੇ ਸਾਰਾ ਸਾਲ ਸ੍ਰੀ ਗੁਰੂ ਗ੍ਰੰਥ



ਮੁੱਖ ਦੁਆਰ

ਸਾਹਿਬ ਜੀ ਦੇ ਅਖੰਡ ਪਾਠਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਸ਼ਰਧਾਲੂ ਯਾਤਰੂਆਂ ਲਈ ਨਿਵਾਸ ਅਤੇ ਲੰਗਰ ਦਾ ਸੁਚੱਜਾ ਪ੍ਰਬੰਧ ਹੈ। ਗੁਰੂ ਕਾ ਲੰਗਰ 24 ਘੰਟੇ ਅਤੁੱਟ ਵਰਤਦਾ ਹੈ। 'ਵਿਰੱਕਤ' ਮਹਾਰਾਜ ਜੀ ਦੇ ਪਵਿੱਤਰ ਕਰ-ਕਮਲਾਂ ਨਾਲ ਸਥਾਪਿਤ



ਨਾਨਕ ਦਰਬਾਰ

**ਨਾਨਕ ਦਰਬਾਰ** ਦੀ ਸ਼ੋਭਾ ਨਿਰਾਲੀ ਹੈ। ਨਿਰਮਲ ਬਾਗ, ਫੁਸਗੜ੍ਹ ਵਿਖੇ ਗਊਸ਼ਾਲਾ ਹੈ ਜਿੱਥੇ ਵਿਦੇਸ਼ੀ ਨਸਲ ਦੀਆਂ ਅਤੀ ਉੱਤਮ ਗਊਆਂ ਰੱਖੀਆਂ ਹੋਈਆਂ ਹਨ। ਇਸ ਗਊਸ਼ਾਲਾ ਦੀ ਸੇਵਾ-ਸੰਭਾਲ ਅਤੇ ਸਫਾਈ ਵੇਖਣ ਯੋਗ ਹੈ। ਗਊਆਂ ਲਈ ਹਰਾ ਚਾਰਾ ਉਤਪਾਦਨ ਤੋਂ ਇਲਾਵਾ ਕਈ ਕਿਸਮ ਦੇ ਫਲਦਾਰ ਪੇੜ-ਪੌਦੇ, ਜਗ੍ਹਾ ਦੀ ਸ਼ਾਨ ਅਤੇ ਰੌਣਕ ਵਧਾਉਂਦੇ ਹਨ।



ਪਾਠ ਸਥਾਨ



ਆਧੁਨਿਕ ਗਊਸ਼ਾਲਾ



ਨਿਰਮਲ ਬਾਗ-ਕਨਖ਼ਲ (ਹਰਿਦੁਆਰ) ਵਿਖੇ ਦਰਬਾਰ ਸਾਹਿਬ ਭਵਨ ਅਤੇ ਰਿਹਾਇਸ਼ੀ ਇਮਾਰਤ

**ਸੰਗਤ ਗਿਆਨ ਗੁਫਾ-ਕਾਸ਼ੀ (ਉੱਤਰ ਪ੍ਰਦੇਸ਼) :** ਸ੍ਰੀਮਾਨ ਪੰਡਿਤ ਅਵਤਾਰ ਸਿੰਘ ਜੀ ਸ਼ਿਸ਼ ਸ੍ਰੀਮਾਨਸੰ ਤਸੌਦਾਗਰਾ ਸੰਘਜ ੀਿ ਸ਼ਸ਼ਸੰ ਤ ਠਾਕੁਰ ਦਿਆਲ ਸਿੰਘ ਜੀ ਨੇ ਕਾਸ਼ੀ ਵਿਖੇ ਕਰਣ ਘੰਟਾ ਇਲਾਕੇ ਅੰਦਰ, ਸੰਨ 1901 ਈ. ਵਿੱਚ ਇੱਕ ਮਕਾਨ ਖਰੀਦਿਆ ਜਿਸ ਦਾ ਨਾਂ ਸੰਗਤ ਗਿਆਨ ਗੁਫਾ ਰੱਖਿਆ। ਸੰਨ 1924 ਈ. ਵਿੱਚ ਆਪ ਜੀ ਨੇ ਇਹ ਸਥਾਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਨੂੰ ਅਰਪਣ ਕਰ ਦਿੱਤਾ। ਮਹੰਤ ਜੀ ਮਹਾਰਾਜ ਨੇ ਸੰਨ 1929 ਈ. ਵਿੱਚ ਨਾਲ ਲਗਦੀ ਹੋਰ ਥਾਂ ਖਰੀਦ ਕੇ ਇੱਕ ਚੰਗੀ ਇਮਾਰਤ ਬਣਾ ਲਈ ਜੋ ਅੱਜ ਵੀ ਸੁਸ਼ੋਭਿਤ ਹੈ। ਇਸੇ ਹੀ ਸਥਾਨ ਤੇ ਰਹਿ ਕੇ ਸੰਤ ਅਰਜਨ ਸਿੰਘ ਜੀ 'ਭਿਖਸ਼ੂ', ਸੰਤ ਨਿੱਕਾ ਸਿੰਘ ਜੀ 'ਵਿਰੱਕਤ', ਸੰਤ ਭਰਤ ਸਿੰਘ ਜੀ ਅਤੇ ਹੋਰ ਅਨੇਕਾਂ ਸੰਤਾਂ ਨੇ ਸੰਸਕ੍ਰਿਤ ਰਾਹੀਂ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ।

**ਨਿਰਮਲ ਸੰਤ ਨਿਵਾਸ-ਮੁੰਬਈ (ਮਹਾਰਾਸ਼ਟਰ) :** ਇੱਥੇ ਨਿਯਮਤ ਰੂਪ ਨਾਲ ਗੁਰਬਾਣੀ ਪੜ੍ਹਨ-ਪੜ੍ਹਾਉਣ ਦੀ ਸੇਵਾ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਅਤੇ ਸਹਿਜ ਪਾਠਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਹਰੇਕ ਐਤਵਾਰ ਨੂੰ ਸਾਧ-ਸੰਗਤ ਵੱਲੋਂ ਕੀਰਤਨ ਅਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ। ਨਿਰਧਾਰਿਤ ਸਮੇਂ ਅਨੁਸਾਰ ਸਾਲਾਨਾ ਸਥਾਪਨਾ ਦਿਵਸ, ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਦੀ ਸਰਪ੍ਰਸਤੀ ਹੇਠ ਮਨਾਇਆ ਜਾਂਦਾ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਸਥਾਨ ਤੇ ਸਿੰਧੀ ਅਤੇ ਪੰਜਾਬੀ ਸੰਗਤ ਦੀ ਅਥਾਹ ਸ਼ਰਧਾ ਹੈ। ਮੁੱਖ ਸੇਵਾਦਾਰ ਭਾਈ ਭਗਵਾਨ ਸਿੰਘ ਜੀ ਇਥੋਂ ਦੀ ਸੇਵਾ ਸੰਭਾਲ ਕਰਦੇ ਹਨ।




ਇਮਾਰਤ ਸੰਗਤ ਗਿਆਨ ਗੁਫਾ-ਕਾਸ਼ੀ (ਉੱਤਰ ਪ੍ਰਦੇਸ਼)



ਨਿਰਮਲ ਸੰਤ ਨਿਵਾਸ ਮੁੰਬਈ (ਮਹਾਰਾਸ਼ਟਰ)

ਇਨ੍ਹਾਂ ਪ੍ਰਮੁੱਖ ਸੇਵਾ-ਕੇਂਦਰਾਂ ਤੋਂ ਇਲਾਵਾ ਕਈ ਹੋਰ ਸਥਾਨਾਂ ਤੇ ਵੀ ਨਿਰਮਲ ਕੁਟੀਆ ਦੇਨ ਾਮਤੇ ਸ ਥਾਨਮੌਜੂਦਹ ਨਿ ਜਵੇਂਿ ਕ ਜਿਲ੍ਹਾ ਪਟਿਆਲਾ ਵਿੱਖੇ ਪਿੰਡ ਘੋਖ-ਕੋਟਲੀ, ਥੂਹਾ, ਕੁਤਬਨਪੁਰ, ਅਸਰਪੁਰ, ਲੋਹ-ਸਿੰਬਲੀ ਅਤੇ ਭੋੜੇ। ਪਿੰਡ ਭੋਤਨਾ ਅਤੇ ਪਿੰਡ ਧਨੌਲਾ ਜਿਲ੍ਹਾ ਸੰਗਰੂਰ, ਜਨਮ ਸਥਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਪਿੰਡ ਸੀਹਾਂ ਦੌਦ, ਜਿਲ੍ਹਾ ਲੁਧਿਆਣਾ। ਗੁਰਾਇਆ-ਜਿਲ੍ਹਾ ਜਲੰਧਰ, ਪਿੰਡ ਖਟਕੜ-ਖੁਰਦ ਜਿਲ੍ਹਾ ਨਵਾਂ ਸ਼ਹਿਰ, ਨਿਰਮਲ ਅਬਿਨਾਸੀ ਕੁਟੀਆ-ਪਿੰਡ ਢਲਾਵਲੀ (ਗੰਗੋਹ) ਉੱਤਰ ਪ੍ਰਦੇਸ਼, ਬੇਗਮਪੁਰਾ ਕੁਟੀਆ-ਪਿੰਡ ਤਰਾਵੜੀ, ਜਿਲ੍ਹਾ ਕਰਨਾਲ (ਹਰਿਆਣਾ)



ਜਨਮ ਸਥਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ

# ਸਾਹਿਤ ਪ੍ਰਕਾਸ਼ਨ

ਨਿਰਮਲ ਆਸ਼ਰਮ ਦੁਆਰਾ ਵਿੱਦਵਤ, ਅਨੁਭਵੀ ਮਹਾਂਪੁਰਖਾਂ ਦੇ ਅੰਮ੍ਰਿਤਮਈ ਬਚਨਾਂ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਵੀ ਕਈ ਸਾਲਾਂ ਤੋਂ ਚੱਲ ਰਿਹਾ ਹੈ। ਪੂਜਨੀਕ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ (ਸੰਸਥਾਪਕ-ਨਿਰਮਲ ਆਸ਼ਰਮ ਰਿਸ਼ੀਕੇਸ਼) ਜੀ ਦੇ ਕੁੱਝ ਪ੍ਰਵਚਨਾਂ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਕਰਕੇ ਨਿਰਮਲ ਉਪਦੇਸ਼ ਦੇ ਨਾਂ ਤੇ ਛਪਵਾਇਆ ਗਿਆ ਹੈ। ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੇ ਅਮੋਲਕ, ਆਤਮ-ਗਿਆਨ ਭਰਭੂਰ, ਸੇਵਾ-ਸਿਮਰਨ ਅਤੇ ਭਗਤੀ-ਪ੍ਰਧਾਨ ਪ੍ਰਵਚਨਾਂ ਦਾ ਸੰਕਲਨ 'ਸਹਜ ਕਥਾ' ਸਿਰਲੇਖ ਹੇਠ ਤਿਆਰ ਕੀਤਾ ਗਿਆ ਹੈ। ਇਨ੍ਹਾਂ ਪ੍ਰਵਚਨਾਂ ਵਿੱਚੋਂ ਕੁੱਝ ਕੁ ਚੋਣਵੇਂ ਵਿਚਾਰ ਚੁਣਕੇ ਪਰਲਜ਼ ਆਫ ਟਰੁੱਥ (Pearls of Truth) ਦੇ ਨਾਮ ਹੇਠ ਅੰਗ੍ਰੇਜ਼ੀ ਵਿੱਚ ਇੱਕ ਸੁੰਦਰ ਪੋਥੀ ਛਾਪੀ ਗਈ ਹੈ। ਪੰਜਾਬੀ ਜਾਂ ਹਿੰਦੀ ਨਾ ਪੜ੍ਹ ਸਕਣ ਵਾਲੇ ਦੇਸ਼-ਵਿਦੇਸ਼ ਵਿੱਚ ਰਹਿੰਦੇ ਸ਼ਰਧਾਲੂਆਂ ਲਈ ਇਹ ਅਮੋਲਕ ਬਚਨ ਉਪਲੱਬਧ ਕਰਾਏ ਗਏ ਹਨ। ਇਸ ਤੋਂ ਉਪਰੰਤ ਮਹੰਤ ਬਾਬਾ ਰਾਮ ਸਿੰਘ ਜੀ ਦੀ ਪ੍ਰੇਰਣਾ ਸਦਕਾ 'ਅਸਚਰਜ ਵਸਤੂ' ਨਾਮਕ ਪੋਥੀ ਦਾ ਪ੍ਰਕਾਸ਼ਨ ਹੋਇਆ ਜਿਸ ਵਿੱਚ ਨਿਰਮਲ ਸੰਪ੍ਰਦਾਇ ਅਤੇ ਸੰਪ੍ਰਦਾਇ ਠਾਕੁਰਾਂ ਦੇ ਸੰਖੇਪ ਇਤਿਹਾਸ ਤੋਂ ਇਲਾਵਾ ਆਸ਼ਰਮ ਨਾਲ ਸੰਬੰਧਿਤ ਸਾਰੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਵਿਸਤਾਰ ਪੂਰਵਕ ਲਿਖੇ ਗਏ ਹਨ। ਇਹ ਪੁਸਤਕ ਨਾ ਕੇਵਲ ਆਸ਼ਰਮ ਦੀ ਬਲਕਿ ਸਮੂਹ ਨਿਰਮਲ ਸੰਪ੍ਰਦਾਇ ਦੀ ਅਨਮੋਲ ਪੂੰਜੀ ਹੈ। ਨਿਰਮਲ ਸੰਤ ਬਾਣੀ ਦੀਆਂ ਇਹ ਪੋਥੀਆਂ ਜਗਿਆਸੂਆਂ ਨੂੰ ਨਿਰਮਲ ਆਸ਼ਰਮ-ਰਿਸ਼ੀਕੇਸ਼ ਅਤੇ ਮੁੱਖ ਸ਼ਾਖਾਵਾਂ ਤੋਂ ਹਮੇਸ਼ਾ ਹੀ ਪ੍ਰਸ਼ਾਦ ਰੂਪ ਵਿੱਚ ਮਿਲਦੀਆਂ ਹਨ।




ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ 'ਵਿੱਰਕਤ' ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਇਲਾਹੀ ਹੁਕਮਨਾਮੇ ਦੀ ਕਥਾ ਕਰਿਆ ਕਰਦੇ ਸਨ। ਕੁੱਝ ਸ਼ਰਧਾਲੂਆਂ ਦੁਆਰਾ ਇਨ੍ਹਾਂ ਪ੍ਰਵਚਨਾਂ ਦੀਆਂ ਪਹਿਲੇ ਰਿਕਾਰਡ ਕੀਤੀਆਂ ਕੈਸਟਾਂ ਤੋਂ ਹੁਣ ਨਵੀਆਂ ਕੈਸਟਾਂ/ਸੀਡੀਆਂ ਤਿਆਰ ਕੀਤੀਆਂ ਗਈਆਂ ਹਨ ਜੋ ਆਸ਼ਰਮ ਦੇ ਦਫਤਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਹਰ ਸਮਾਗਮ ਦੀ ਸਮਾਪਤੀ ਤੇ ਅਪਣੇ ਗੁਰੂਦੇਵ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੇ ਪਿਆਰ ਵਿੱਚ ਭਿੱਜਕੇ ਬੜੀ ਸ਼ਰਧਾ, ਰੀਝ, ਨਿੰਮ੍ਰਤਾ, ਸਤਿਕਾਰ ਅਤੇ ਅਮੋਲਕ ਬਚਨਾਂ ਨੂੰ 'ਸਹਜ ਕਥਾ' ਪੋਥੀ 'ਚੋਂ ਪੜ੍ਹਦੇ ਹਨ। ਇਨ੍ਹਾਂ ਬਚਨਾਂ ਦੀ ਰਿਕਾਰਡਿੰਗ ਵੀ ਕੀਤੀ ਗਈ ਹੈ ਜਿਸ ਦੀਆਂ ਸੀਡੀਆਂ ਵੀ ਉਪਲੱਬਧ ਹਨ। ਇਸ ਤੋਂ ਇਲਾਵਾ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਦੇ ਕਥਾ ਰੂਪ ਅਮੋਲਕ ਬਚਨ ਅਤੇ ਨਿਰਮਲ ਆਸ਼ਰਮ ਦੇ ਕੀਰਤਨੀ ਜੱਥਿਆਂ ਦੇ ਗੁਰਬਾਣੀ ਸ਼ਬਦ ਕੀਰਤਨ ਦੀਆਂ ਸੀਡੀਆਂ ਵੀ ਆਸ਼ਰਮ ਦੇ ਦਫ਼ਤਰ ਤੋਂ ਮਿਲਦੀਆਂ ਹਨ। ●



ਪੂਜਨੀਕ ਮਹਾਰਾਜ ਜੀ ਸਹਜ ਕਥਾ ਪੋਥੀ ਪੜ੍ਹਦੇ ਹੋਏ



ਕੀਰਤਨੀ ਜੱਥਾ-ਬੀਬੀ ਹਰਮਿੰਦਰ ਕੌਰ ਜੀ



ਕੀਰਤਨੀ ਜੱਥਾ-ਬੀਬੀ ਜਸਜੀਤ ਕੌਰ ਜੀ

# ਸੰਤ ਸਮਾਗਮ



ਪੂਜਨੀਕ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਨਿਰਮਲ ਆਸ਼ਰਮ ਵੱਲੋਂ ਸਮੇਂ ਸਮੇਂ ਧਾਰਮਿਕ ਸਮਾਗਮਾਂ ਦਾ ਵਿਸ਼ਾਲ ਆਯੋਜਨ ਕੀਤਾ ਜਾਂਦਾ ਹੈ। ਨਿਰਮਲ ਬਾਗ-ਕਨਖ਼ਲ (ਹਰਿਦੁਆਰ) ਅਤੇ ਨਿਰਮਲ ਆਸ਼ਰਮ-ਰਿਸ਼ੀਕੇਸ਼ ਵਿਖੇ ਸਤੰਬਰ/ ਅਕਤੂਬਰ ਦੇ ਮਹੀਨੇ ਵਿੱਚ ਵੱਡੇ ਮਹਾਂਪੁਰਖਾਂ ਦੀ ਪਵਿੱਤ੍ਰ ਯਾਦ ਵਿੱਚ ਬਰਸੀ ਸਮਾਗਮ ਮਨਾਏ ਜਾਂਦੇ ਹਨ। ਨਵੇਂ ਸਾਲ ਤੇ ਵੀ ਆਸ਼ਰਮ ਵਿੱਚ ਹਸਪਤਾਲ (NAH) ਅਤੇ ਸਕੂਲ (NDS) ਦਾ ਸਥਾਪਨਾ ਦਿਵਸ ਮਨਾਉਣ ਲਈ ਇੱਕ ਅਲੌਕਿਕ ਸਮਾਗਮ ਹੁੰਦਾ ਹੈ। NGA ਅਤੇ NEI ਦਾ ਸਥਾਪਨਾ ਦਿਵਸ, NGA ਦੇ ਵਿਸ਼ਾਲ ਪ੍ਰਾਂਗਣ ਵਿੱਚ ਮਨਾਇਆ ਜਾਂਦਾ ਹੈ। ਇਨ੍ਹਾਂ ਸਾਰੇ ਸਮਾਗਮਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠਾਂ ਦੇ ਨਾਲ-ਨਾਲ, ਨਿਰਬਾਣ ਸ਼ਬਦ ਕੀਰਤਨ ਅਤੇ ਸੰਤ ਸਮਾਗਮ ਹੁੰਦੇ ਹਨ। ਸੰਗਤਾਂ ਅਤੇ ਸੰਤਾਂ ਲਈ ਗੁਰੂ ਕਾ ਲੰਗਰ (ਭੰਡਾਰਾ) ਕੀਤਾ ਜਾਂਦਾ ਹੈ। ਸੇਵਾ, ਸਤਿਸੰਗ ਅਤੇ ਸਿਮਰਨ ਦੇ ਇਨ੍ਹਾਂ ਮਹਾਨ ਸਮਾਗਮਾਂ ਵਿੱਚ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸ਼ਾਮਲ ਹੋ ਕੇ ਮਹਾਂਪੁਰਖਾਂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਸਮਾਗਮਾਂ ਦੀ ਸਮਾਪਤੀ ਉਪਰੰਤ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਸਾਰੀ ਸੰਗਤ ਨੂੰ ਸੇਵਾ, ਸਿਮਰਨ, ਸਤਿਸੰਗ ਅਤੇ ਸ਼ੁੱਭ-ਕਰਮਾਂ ਵਿੱਚ ਪ੍ਰਵਿਰਤ ਰਹਿਣ ਦਾ ਅਸ਼ੀਰਵਾਦ ਰੂਪੀ ਸੰਦੇਸ਼ ਦਿੰਦੇ ਹਨ। ਆਸ਼ਰਮ ਦੀਆਂ ਵਿਭਿੰਨ ਸ਼ਾਖਾਵਾਂ ਤੇ ਵੀ ਨਿਰਧਾਰਿਤ ਸਮੇਂ ਅਨੁਸਾਰ ਬਰਸੀ ਸਮਾਗਮ ਮਨਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਦੌਰਾਨ ਪੂਜਨੀਕ ਮਹਾਰਾਜ ਜੀ ਸੰਗਤਾਂ ਨੂੰ ਅਮੋਲਕ ਪ੍ਰਵਚਨ ਅਤੇ ਅਸ਼ੀਰਵਾਦ ਬਖਸ਼ਿਸ਼ ਕਰਕੇ ਨਿਹਾਲ ਕਰਦੇ ਹਨ।

**ਮਹਾਨ ਯੱਗ-ਕਰਨਾਲ :** ਸੰਨ 1993 ਈ. ਦੀ ਦੀਵਾਲੀ ਦੇ ਸ਼ੁੱਭ ਮੌਕੇ ਤੇ ਕਰਨਾਲ ਵਿਖੇ ਪੂਜਨੀਕ ਮਹਾਰਾਜ ਜੀ ਦੀ ਪ੍ਰੇਰਣਾ ਨਾਲ ਇੱਕ ਅਲੌਕਿਕ ਅਤੇ ਮਹਾਨ-ਯੱਗ ਸੰਪੰਨ ਹੋਇਆ। 10 ਨਵੰਬਰ 1993 ਨੂੰ ਇੱਕ ਵਿਸ਼ਾਲ ਨਗਰ ਕੀਰਤਨ ਹੋਇਆ। ਇਸ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 251 ਸ੍ਰੀ ਅਖੰਡ ਪਾਠ ਸਾਹਿਬ ਇੱਕਠੇ ਹੀ ਇੱਕ ਪੰਡਾਲ ਵਿੱਚ 11 ਤੋਂ 13 ਨਵੰਬਰ ਤੱਕ ਬੜੀ ਸ਼ਰਧਾ ਅਤੇ ਮਰਿਆਦਾ ਅਨੁਸਾਰ ਕੀਤੇ ਗਏ। ਦੀਵਾਲੀ ਦੀ ਸਾਰੀ ਰਾਤ, ਗੁਰਬਾਣੀ ਸ਼ਬਦ ਕੀਰਤਨ ਅਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਬਾਅਦ ਸਮਾਪਤੀ ਹੋਈ। ਗੁਰੂ ਕਾ ਲੰਗਰ ਇੱਕ ਹਫਤਾ ਅਤੁੱਟ ਵਰਤਦਾ ਰਿਹਾ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 251 ਸ੍ਰੀ ਅਖੰਡ ਪਾਠ ਸਾਹਿਬ ਜੀ (ਇੱਕੋ ਪੰਡਾਲ ਵਿੱਚ)

ਗੁਰਬਾਣੀ ਸ਼ਬਦ ਕੀਰਤਨ, ਕਥਾ-ਪ੍ਰਵਚਨ ਅਤੇ ਬ੍ਰਹਮ-ਵਿਚਾਰ ਨਿਰੰਤਰ ਜਾਰੀ ਰਹੇ। ਇਸ ਮਹਾਨ-ਯੱਗ ਦੀ ਸ਼ੋਭਾ ਲੱਖਾਂ ਸ਼ਰਧਾਲੂਆਂ ਨੇ ਸੰਗਤ ਰੂਪ ਵਿੱਚ ਜੁੜ ਕੇ ਵਧਾਈ। ਇਸ ਅਲੌਕਿਕ ਸਮਾਗਮ ਵਿੱਚ ਸਾਰੇ ਪਾਠੀਅ ਤੇਸੇਵਾਦਾਰਾਂਨਿ ਨਸ਼ਕਾਮਸੇਵਾ ਕੀਤੀ। ਪੂਰੀ ਦੁਨੀਆਂ ਦੇ ਸਿੱਖ-ਜਗਤ ਦੇ ਇਤਿਹਾਸ ਵਿੱਚ ਇਹ ਅਪਣੇ ਕਿਸਮ ਦੀ ਪਹਿਲੀ ਉਦਾਹਰਣ ਹੈ।

**ਸ਼ਤਾਬਦੀ ਸਮਾਰੋਹ-ਰਿਸ਼ੀਕੇਸ਼ :** ਨਿਰਮਲ ਆਸ਼ਰਮ-ਰਿਸ਼ੀਕੇਸ਼ ਦਾ ਸੌ ਸਾਲਾ ਸਥਾਪਨਾ ਦਿਵਸ (21 ਤੋਂ 23 ਸਿਤੰਬਰ 2003) ਨਿਰਮਲ ਆਸ਼ਰਮ ਦੇ ਸੰਸਥਾਪਕ ਪੂਜਯ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਜੀਆਂ ਦੇ ਬਰਸੀ ਸਮਾਗਮ ਦੇ ਮੌਕੇ ਤੇ ਬੜੀ ਧੂਮਧਾਮ ਅਤੇ ਸ਼ਰਧਾ ਸਹਿਤ ਮਨਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਪਾਵਨ ਸਰੂਪਾਂ ਦਾ ਪ੍ਰਕਾਸ਼ ਕਰਕੇ ਸ੍ਰੀ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਗਿਆ। ਮਹਾਨ ਕੀਰਤਨ ਦਰਬਾਰ, ਵਿਸ਼ਾਲ ਨਗਰ ਕੀਰਤਨ, ਮਹਾਂਪੁਰਸ਼ਾਂ ਲਈ ਭੰਡਾਰੇ, ਗੁਰੂ ਕਾ ਲੰਗਰ, ਸਹਜ ਕਥਾ-ਪੋਥੀ ਤੀਜੀ ਦਾ ਵਿਮੋਚਨ ਅਤੇ ਨਵੇਂ ਖੋਲ੍ਹੇ ਜਾਣ ਵਾਲੇ ਮੁਫਤ ਸਕੂਲ ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ (NGA) ਦੀ ਇਮਾਰਤ ਦਾ ਨੀਂਹ ਪੱਥਰ ਰੱਖਣਾ ਆਦਿ ਉਸ ਸਮਾਗਮ ਦੀਆਂ ਮਹਾਨ ਸੇਵਾਵਾਂ ਸਨ। ਆਸ਼ਰਮ ਦੇ ਇਸ ਇਤਿਹਾਸਕ ਦਿਹਾੜੇ ਦੇ ਮੌਕੇ ਤੇ ਹੀ ਰਿਸ਼ੀਕੇਸ਼ ਸ਼ਹਿਰ ਵਿਖੇ ਹਰਿਦੁਆਰ-ਲਛਮਣ ਝੂਲਾ ਮੁੱਖ ਮਾਰਗ ਤੋਂ ਆਸ਼ਰਮ ਵੱਲ ਨੂੰ ਜਾਣ ਵਾਲੇ ਮੁਖਰਜੀ ਮਾਰਗ ਉੱਤੇ ਇੱਕ ਆਕਰਸ਼ਕ ਅਤੇ ਯਾਦਗਾਰੀ ਸ਼ਤਾਬਦੀ ਦੁਆਰ ਦੀ ਸਥਾਪਨਾ ਕੀਤੀ ਗਈ। ●

## ਤਸਵੀਰਾਂ ਰਾਹੀਂ ਸ਼ਤਾਬਦੀ ਸਮਾਰੋਹ (2003) ਦੇ ਦਰਸ਼ਨ





















**ਪੂਜਨੀਕ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ**
**(ਬਾਨੀ - ਨਿਰਮਲ ਆਸ਼ਰਮ-ਰਿਸ਼ੀਕੇਸ਼, ਉੱਤਰਾਖੰਡ)**

ਜਨਮ :ਸੰਨ 1861 ਈ.

ਜਨਮ ਅਸਥਾਨ :ਪਿੰਡ-ਹੱਲੋਵਾਲ (ਗੁਰਦਾਸਪੁਰ)

ਪਿਤਾ :ਸ੍ਰ. ਫਤੇਹ ਸਿੰਘ ਜੀ

ਮਾਤਾ :ਸ੍ਰੀਮਤੀ ਸ਼ਾਂਤੀ ਦੇਵੀ ਜੀ

ਸੰਖੇਪ ਜੀਵਨ :ਸੰਤ ਠਾਕੁਰ ਦਿਆਲ ਸਿੰਘ ਜੀ ਦੇ ਪਰਮ ਸ਼ਿਸ਼ ਸੰਤ ਧਰਮ ਸਿੰਘ ਜੀ 'ਸਮਾਧੀ ਵਾਲਿਆਂ' ਦੀ ਦੇਖ-ਰੇਖ ਵਿੱਚ ਸ਼ਰੀਰਕ, ਵਿਦਿਅਕ ਅਤੇ ਅਧਿਆਤਮਕ ਵਿਕਾਸ ਹੋਇਆ।

- ਨਿਰਮਲ ਪੰਚਾਇਤੀ ਅਖ਼ਾੜਾ, ਕਨਖ਼ਲ (ਹਰਿਦੁਆਰ) ਦੇ ਸਕੱਤਰ ਨਿਯੁਕਤ ਕੀਤੇ ਗਏ।
- ਕੁੱਝ ਸਮੇਂ ਬਾਅਦ ਰਮਤ ਅਖਾੜਾ ਪ੍ਰਚਾਰ-ਮੰਡਲੀ ਦੇ ਪ੍ਰਧਾਨ ਥਾਪੇ ਗਏ।
- ਸੰਨ 1903 ਈ. ਵਿੱਚ ਰਿਸ਼ੀਕੇਸ਼ ਵਿਖੇ ਨਿਰਮਲ ਆਸ਼ਰਮ ਦੀ ਨੀਂਹ ਰੱਖੀ।
- 1911 ਈ. ਵਿੱਚ ਨਿਰਮਲ ਬਾਗ, ਕਨਖ਼ਲ ਦੀ ਸਥਾਪਨਾ ਕੀਤੀ।
- 1924 ਈ. ਵਿੱਚ ਕਾਸ਼ੀ ਵਿਖੇ ਸੰਗਤ ਗਿਆਨ ਗੁਫਾ ਆਸ਼ਰਮ ਸਥਾਪਤ ਕੀਤਾ।
- 1927 ਈ. ਵਿੱਚ (ਸੰਤ) ਨਿੱਕਾ ਸਿੰਘ ਜੀ ਆਪ ਜੀ ਦੀ ਸ਼ਰਨ ਆਏ।
- 1931ਏ ੀ.ਿ ਵੱਚਸ ੰਤਅ ਾਤਮਾਂ ਸੰਘਜ ੀਨੂੰ ਮਹੰਤੀ ਦੀ ਪੱਗ ਦਿੱਤੀ।
- 1932 ਈ. ਵਿੱਚ ਨਿਰਮਲ ਆਸ਼ਰਮ ਐਸਟੇਟ ਮਸੂਰੀ ਵਾਲਾ ਆਸ਼ਰਮ ਸਥਾਪਤ ਹੋਇਆ।
- 1934 ਈ. ਵਿੱਚ ਨਿਰਮਲ ਆਸ਼ਰਮ ਦੀ ਸਾਰੀ ਜਾਇਦਾਦ ਦਾ ਚੱਲ-ਅਚੱਲ ਟਰੱਸਟ ਬਣਾਇਆ।

ਅੰਤ ਕਾਲ :30 ਸਿਤੰਬਰ, ਸੰਨ 1937 ਈ. ਨੂੰ ਨਿਰਮਲ ਬਾਗ-ਕਨਖ਼ਲ (ਹਰਿਦੁਆਰ) ਵਿਖੇ ਸਚਖੰਡ ਪਿਆਨਾ ਕੀਤਾ।



**ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਮਹਾਰਾਜ**

ਜਨਮ :ਸੰਨ 1885 ਈ.

ਜਨਮ ਅਸਥਾਨ :ਪਿੰਡ-ਪੱਤੋ ਹੀਰਾ ਸਿੰਘ (ਫਿਰੋਜ਼ਪੁਰ)

ਪਿਤਾ :ਸ. ਪ੍ਰਤਾਪ ਸਿੰਘ ਜੀ

ਸੰਖੇਪ ਜੀਵਨ :ਸੰਨ 1908 ਈ. ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਸ਼ਰਣ ਵਿੱਚ ਆਏ।

- ਛੇਤੀ ਹੀ ਆਸ਼ਰਮ ਦੇ ਕੰਮਾਂ-ਕਾਰਾਂ ਦਾ ਭੇਤ ਸਮਝ ਕੇ ਸੇਵਾ ਵਿੱਚ ਜੁਟ ਗਏ ਅਤੇ ਗੁਰੂਦੇਵ ਦੇ ਹੁਕਮ ਅਨੁਸਾਰ ਨਾਲ ਹੀ ਗੁਰਬਾਣੀ ਦੀ ਸੰਥਯਾ ਸੰਪੂਰਣ ਕੀਤੀ।
- ਅਣਥੱਕ ਸੇਵਾ ਤੇ ਪ੍ਰਸੰਨ ਹੋ ਕੇ ਗੁਰੂਦੇਵ ਜੀ ਦੁਆਰਾ ਨਾਮ ਦੀ ਦਾਤ ਅਤੇ ਸੰਨਿਆਸੀ ਭੇਖ ਬਖਸ਼ਿਆ।
- 1926 ਈ. ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਨਾਲ ਦੱਖਣ ਅਤੇ ਪੂਰਬ ਦੀ ਤੀਰਥ ਯਾਤ੍ਰਾ ਤੇ ਗਏ।
- 1931 ਈ. ਵਿੱਚ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਨੇ ਆਪ ਨੂੰ ਮਹੰਤੀ ਦੀ ਪੱਗ ਦੇ ਕੇ ਨਿਵਾਜਿਆ।
- ਸੰਨ 1939 ਈ. ਵਿੱਚ ਸਿੰਧ ਪ੍ਰਾਂਤ ਅਤੇ 1954 ਵਿੱਚ ਸ੍ਰੀ ਲੰਕਾ ਦੀ ਯਾਤ੍ਰਾ (ਪਹਿਲੀ ਵਾਰ) ਕੀਤੀ।
- 1966 ਈ. ਵਿੱਚ ਆਪਣੇ ਗੁਰੂ ਦੇਵ ਜੀ ਦੀ ਯਾਦ ਵਿੱਚ ਨਿਰਮਲ ਪੰਚਾਇਤੀ ਅਖਾੜੇ ਨੂੰ ਸੋਨੇ ਦੀ ਪਾਲਕੀ ਭੇਟਾ ਕੀਤੀ।
- 1967 ਈ. ਵਿੱਚ ਆਪ ਜੀ ਨੇ ਆਸ਼ਰਮ ਵਿੱਚ ਉਹ ਥੜ੍ਹਾ ਬਣਵਾਇਆ ਜਿਸ ਉੱਪਰ ਲੇਟ ਕੇ ਆਪ ਜੀ ਨੇ ਸਰੀਰ (1973 ਵਿੱਚ) ਤਿਆਗਿਆ।
- 1970 ਈ. ਵਿੱਚ ਸਾਧੂ-ਸੰਤਾਂ ਅਤੇ ਗਰੀਬਾਂ ਲਈ ਸਵੇਰ ਦੇ ਅੰਨ-ਛੇਤਰ ਦਾ ਅਰੰਭ।

ਅੰਤ ਕਾਲ : 9 ਅਗਸਤ 1973 ਈ. ਨੂੰ ਸ਼ਾਮ ਦੇ 5 ਵਜੇ ਪੰਜ ਭੌਤਿਕ ਸ਼ਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ।



**ਸ੍ਰੀਮਾਨ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ**

ਜਨਮ : ਸੰਨ 1905 ਈ.

ਜਨਮ ਅਸਥਾਨ : ਹੁਸ਼ਿਆਰਪੁਰ (ਪੰਜਾਬ)

ਪਿਤਾ : ਸ. ਸੰਤੋਖ ਸਿੰਘ ਜੀ

ਮਾਤਾ : ਮਾਤਾ ਰੱਲੀ ਜੀ

ਸੰਖੇਪ ਜੀਵਨ : ਛੋਟੀ ਉਮਰੇ ਸੰਨ 1922 ਈ. ਵਿੱਚ ਘਰ-ਬਾਰ ਛੱਡ ਕੇ ਨਿਰਮਲ ਆਸ਼ਰਮ-ਰਿਸ਼ੀਕੇਸ਼ ਆਏ।

- ਸੰਨ 1925 ਈ. ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਆਪ ਜੀ ਨੂੰ ਪੰਡਿਤ ਰਾਮ ਬਸੰਤ ਸਿੰਘ ਜੀ (ਰਾਜ-ਗੁਰੂ) ਪਟਿਆਲਾ ਵਾਲਿਆਂ ਪਾਸੋਂ ਅਰਥਾਂ ਸਮੇਤ ਗੁਰਬਾਣੀ ਦੀ ਸੰਪੂਰਣ ਸੰਥਯਾ ਲੈਣ ਲਈ ਪਟਿਆਲਾ ਭੇਜਿਆ।
- ਸੰਨ 1973 ਈ. ਵਿੱਚ ਮਹੰਤ ਆਤਮਾ ਸਿੰਘ ਜੀ ਦੇ ਪਰਲੋਕ ਗਵਨ ਹੋਣ ਤੋਂ ਉਪਰੰਤ 25 ਅਗਸਤ 1973ਏ ੀ.ਨੂੰ ਅ ਾਪਜ ੀਨੂੰ ਿ ਨਰਮਲਭੇ ਖਵ ੱਲੋਂ ਮਹੰਤੀ ਦੀ ਦਸਤਾਰ ਹੋਈ।
- ਗੁਰੂਦੇਵ ਮਹੰਤ ਆਤਮਾ ਸਿੰਘ ਜੀ ਦੀ ਯਾਦ ਵਿੱਚ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੁਆਰਾ ਸੰਨ 1976 ਈ. ਵਿੱਚ ਮੌਜੂਦਾ ਵੱਡਾ ਹਾਲ ਅਤੇ ਨਾਲ ਵਾਲੇ 42 ਕਮਰਿਆਂ ਦੀ ਨੀਂਹ ਰਖਾ ਕੇ ਥੋੜ੍ਹੇ ਸਮੇਂ ਵਿੱਚ ਹੀ ਤਿਆਰ ਕਰਵਾਇਆ।
- ਅੰਨ-ਛੇਤਰ ਦੀ ਵਿਵਸਥਾ ਵਿੱਚ ਹੋਰ ਵਿਸਥਾਰ ਕੀਤਾ।
- 1 ਜੂੰਨ 1981 ਈ. ਨੂੰ ਡੇਰੇ ਦੀ ਸਾਰੀ ਚੱਲ-ਅਚੱਲ ਸੰਪਤੀ ਦੀ ਵਸੀਅਤ ਪਰਮ ਸੇਵਕ ਸੰਤ ਰਾਮ ਸਿੰਘ ਜੀ ਦੇ ਨਾਮ ਲਿੱਖ ਦਿੱਤੀ।

ਅੰਤ ਕਾਲ : 25 ਅਕਤੂਬਰ 1982 ਈ. ਨੂੰ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਸਰੀਰ ਤਿਆਗ ਦਿੱਤਾ।

- ਸਤਾਰ੍ਹਵੀਂ ਦਾ ਭੋਗ 10 ਨਵੰਬਰ ਸੰਨ 1982 ਈ. ਨੂੰ ਹੋਇਆ ਅਤੇ ਸੰਤ ਰਾਮ ਸਿੰਘ ਜੀ ਨੂੰ ਪਗੜੀ ਦੀ ਰਸਮ ਹੋਈ।



**ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ**

ਜਨਮ : ਲੱਗਭੱਗ ਸੰਨ 1894 ਈ.

ਜਨਮ ਅਸਥਾਨ : ਪਿੰਡ ਸੀਹਾਂ ਦੌਦ (ਲੁਧਿਆਣਾ)

ਪਿਤਾ : ਸ. ਮਸਤਾਨ ਸਿੰਘ ਜੀ

ਮਾਤਾ : ਸ੍ਰੀਮਤੀ ਈਸ਼ਰ ਕੌਰ ਜੀ

ਸੰਖੇਪ ਜੀਵਨ : ਗੁਰਬਾਣੀ ਦੀ ਮੁੱਢਲੀ ਵਿਦਿਆ ਪਿੰਡ ਦੇ ਉਦਾਸੀ ਸੰਤਾਂ ਤੋਂ ਪ੍ਰਾਪਤ ਕੀਤੀ।

- ਫੌਜ ਵਿੱਚ ਭਰਤੀ ਹੋਕੇ ਸੰਨ 1914 ਈ. ਦੇ ਪਹਿਲੇ ਵਿਸ਼ਵ ਯੁੱਧ ਵਿੱਚ ਭਾਗ ਲੈਣਾ। ਨੌਕਰੀ ਤੋਂ ਬਾਅਦ ਖੇਤੀ ਬਾੜੀ ਕਰਨੀ।
- 1926 ਈ. ਹਰਿਦੁਆਰ ਕੁੰਭ ਮੇਲੇ ਦੇ ਮੌਕੇ ਤੇ ਪੂਜਨੀਕ ਮਹੰਤ ਬਾਬਾ ਬੁੱਢਾ ਸਿੰਘ ਜੀ ਨਾਲ ਮੇਲ ਹੋਣਾ।
- 1927 ਈ. ਵਿੱਚ ਤਨ ਮਨ ਧਨ ਸਭ ਅਰਪਣ ਕਰ ਦੇਣਾ।
- 1928 ਈ. ਵਿੱਚ ਗੁਰੁਦੇਵ ਦੇ ਆਦੇਸ਼ ਅਨੁਸਾਰ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਜਾਣਾ।
- 1938 ਈ. ਵਿੱਚ ਹਰਿਦੁਆਰ ਕੁੰਭ ਮੇਲੇ ਤੇ ਸੰਤ ਭਗਤ ਸਿੰਘ ਜੀ, ਬਾਬਾ ਬੇਅੰਤ ਸਿੰਘ ਜੀ ਅਤੇ ਸੰਤ ਦਰਸ਼ਨ ਸਿੰਘ ਜੀ ਨੂੰ ਪਹਿਲੀ ਵਾਰ ਮਿਲਣਾ।
- 1944 ਈ. ਵਿੱਚ ਪਿੰਡ ਖੋਖ, 1950 ਈ. ਵਿੱਚ ਕਰਨਾਲ ਅਤੇ 1967 ਈ. ਵਿੱਚ ਪਹਿਲੀ ਵਾਰ ਗੁਰਾਇਆ ਨਗਰ ਜਾਣਾ।
- 10 ਨਵੰਬਰ 1982 ਨੂੰ ਪਰਮ ਸੇਵਕ ਸੰਤ ਰਾਮ ਸਿੰਘ ਜੀ ਨੂੰ ਨਿਰਮਲ ਆਸ਼ਰਮ ਦਾ ਮਹੰਤ ਥਾਪਣਾ।
- ਸੰਨ 1982 ਵਿੱਚ ਨਿਰਮਲ ਕੁਟੀਆ ਕਰਨਾਲ ਵਿਖੇ ਨਾਨਕ ਦਰਬਾਰ ਦੀ ਸਥਾਪਨਾ ਕਰਾਉਣਾ।
- ਵਿਸਾਖੀ 13 ਅਪ੍ਰੈਲ 1983 ਈ. ਨੂੰ ਨਾਨਕ ਦਰਬਾਰ ਦਾ ਉਦਘਾਟਨ ਕਰਨਾ।

ਅੰਤ ਕਾਲ : 22 ਜੁਲਾਈ 1983 ਨੂੰ ਨਿਰਮਲ ਕੁਟੀਆ ਗੋਰਾਇਆ ਵਿਖੇ ਸਚਖੰਡ ਪਿਆਨਾ ਅਤੇ 23 ਜੁਲਾਈ ਨੂੰ ਕਰਨਾਲ ਵਿਖੇ ਅੰਤਿਮ ਸੰਸਕਾਰ।



**ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ**

ਜਨਮ : 17 ਅਕਤੂਬਰ, ਸੰਨ 1950 ਈ.

ਜਨਮ ਅਸਥਾਨ : ਕਰਨਾਲ (ਹਰਿਆਣਾ)

ਪਿਤਾ : ਸ੍ਰੀ ਅਰੂੜ ਚੰਦ ਜੀ ਉੱਪਲ

ਮਾਤਾ : ਸ੍ਰੀਮਤੀ ਵਿਮਲਾ ਦੇਵੀ ਜੀ

ਸੰਖੇਪ ਜੀਵਨ : ਬਚਪਨ ਤੋਂ ਹੀ ਛੋਟੀ ਅਤੇ ਵੱਡੀ ਨਿਰਮਲ ਕੁਟੀਆ ਵਿਖੇ ਸੰਤਾਂ ਮਹਾਪੁਰਸ਼ਾਂ ਦੇ ਦਰਸ਼ਨ ਅਤੇ ਸੇਵਾ ਕਰਨਾ।

- 1970 ਈ. ਤੋਂ 1981 ਈ. ਤੱਕ ਪੰਜਾਬ ਐਂਡ ਸਿੰਧ ਬੈਂਕ (ਬਰਨਾਲਾ ਸ਼ਾਖਾ) ਵਿੱਚ ਕੰਮ ਕੀਤਾ।
- ਮਈ 1981ਏ ੀ.ਨੂੰ ਿ ਨਰਮਲਬ ਾਗ,ਕ ਨਖ਼ਲ (ਹਰਿਦੁਆਰ) ਵਿਖੇ ਗੁਰੁਦੇਵ 'ਵਿਰੱਕਤ' ਮਹਾਰਾਜ ਜੀ ਦੁਆਰਾ ਸੰਤ ਸਾਜਕੇ ਮਹੰਤ ਨਾਰਾਇਣ ਸਿੰਘ ਜੀ ਦਾ ਉੱਤਰਾਧਿਕਾਰੀ ਥਾਪਣਾ।
- ਮਹੰਤ ਨਾਰਾਇਣ ਸਿੰਘ ਜੀ ਦਾ 25 ਅਕਤੂਬਰ ਸੰਨ 1982 ਈ. ਨੂੰ ਸਚਖੰਡ ਪਿਆਨਾ ਕਰਨਾ।
- 10 ਨਵੰਬਰ 1982 ਈ. (17 ਵੀਂ ਦੇ ਭੋਗ ਤੇ) ਨਿਰਮਲ ਭੇਖ ਅਤੇ 'ਵਿਰੱਕਤ' ਜੀ ਦੁਆਰਾ ਨਿਰਮਲ ਆਸ਼ਰਮ-ਰਿਸ਼ੀਕੇਸ਼ ਦੀ ਮਹੰਤੀ ਦੀ ਦਸਤਾਰ ਬੰਨ੍ਹਾਉਣੀ।
- ਕਰਨਾਲ ਵਿਖੇ ਦਿਵਾਲੀ ਦੇ ਮੌਕੇ ਤੇ 1993 ਈ. ਨੂੰ 251 ਸ੍ਰੀ ਅਖੰਡ ਪਾਠ ਸਾਹਿਬ ਅਤੇ ਮਹਾਨ ਯੱਗ ਸੰਪੰਨ ਕਰਨਾ।
- ਜਨਹਿਤ ਸੇਵਾਵਾਂ-NAH ਹਸਪਤਾਲ 1990 ਈ., NDS ਸਕੂਲ 1997 ਈ., NGA ਸਕੂਲ 2005, ਹਰੀ ਕ੍ਰਿਪਾ ਸਿਲਾਈ ਕੇਂਦਰ 2005 ਈ. ਅਤੇ NEI ਹਸਪਤਾਲ 2005 ਈ.।
- ਨਿਰਮਲ ਆਸ਼ਰਮ-ਰਿਸ਼ੀਕੇਸ਼ ਵਿਖੇ ਸ਼ਤਾਬਦੀ ਸਮਾਰੋਹ 2003
- 18 ਜੁਲਾਈ 2008 ਨੂੰ ਸੰਤ ਅਮਰੀਕ ਦੇਵ ਜੀ ਦੁਆਰਾ ਕਰਨਾਲ ਵਿਖੇ ਚੱਲ ਰਹੇ ਸਾਰੇ ਸੇਵਾ ਕੇਂਦਰਾਂ ਨੂੰ ਆਪ ਜੀ ਦੇ ਚਰਨਾਂ ਤੇ ਸਮਰਪਿਤ ਕਰਨਾ॥



**ਸ੍ਰੀਮਾਨ ਸੰਤ ਬਾਬਾ ਜੋਧ ਸਿੰਘ ਜੀ ਮਹਾਰਾਜ**

ਜਨਮ : 14 ਅਗਸਤ ਸੰਨ 1948 ਈ.

ਜਨਮ ਅਸਥਾਨ : ਪਿੰਡ ਸੀਹਾਂ ਦੌਦ (ਲੁਧਿਆਣਾ)

ਪਿਤਾ : ਸ. ਲਛਮਣ ਸਿੰਘ ਜੀ

ਮਾਤਾ : ਸ੍ਰੀਮਤੀ ਗਿਆਨ ਕੌਰ ਜੀ


ਸੰਖੇਪ ਜੀਵਨ : ਛੋਟੀ ਉਮਰੇ ਹੀ ਸ੍ਰੀਮਾਨ ਸੰਤ ਗੋਪਾਲ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਹੋਈ।

- ਸੰਨ 1968 ਈ. ਵਿੱਚ ਮਲੇਰਕੋਟਲਾ ਤੋਂ ਬੀ. ਏ. ਪਾਸ ਕਰਨੀ।
- 1972, 73, 74 ਈ. 'ਚ ਖੇਤੀ ਬਾੜੀ ਕਰਨੀ।
- 1975 ਈ. ਦੇ ਸ਼ੁਰੂ ਵਿੱਚ ਅੰਮ੍ਰਿਤ ਛਕਣਾ।
- 1976 ਈ. ਪੰਜਾਬ ਐਂਡ ਸਿੰਧ ਬੈਂਕ ਵਿੱਚ ਭਰਤੀ ਹੋਣਾ ਅਤੇ ਦਿੱਲੀ ਵਿਖੇ 7 ਸਾਲ ਨੌਕਰੀ ਕਰਨਾ।
- 3 ਅਪ੍ਰੈਲ 1983 ਨੂੰ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਦੁਆਰਾ ਸੰਤ ਥਾਪ ਕੇ ਨਿਰਮਲ ਆਸ਼ਰਮ ਵਿਖੇ ਮਹੰਤ ਬਾਬਾ ਰਾਮ ਸਿੰਘ ਜੀ ਦੇ ਨਾਲ ਸੇਵਾ ਕਰਨ ਦੀ ਆਗਿਆ ਕਰਨੀ।
- ਸ੍ਰੀਮਾਨ ਮਹੰਤ ਮਹਾਰਾਜ ਜੀ ਦੀ ਲੱਗਭੱਗ 9 ਮਹੀਨੇ ਦੀ ਰੂਹਾਨੀ ਯਾਤ੍ਰਾ ਦੌਰਾਨ ਵਧੇਰੇ ਜ਼ਿੰਮੇਵਾਰੀ ਦਾ ਹੋਣਾ ਅਤੇ ਨਿਭਾਉਣਾ।
- ਸੰਤਾਂ-ਮਹਾਪੁਰਖਾਂ ਦੇ ਪ੍ਰਵਚਨਾਂ ਨੂੰ ਛਪਵਾਣਾ। ਸਾਹਿਤਕ ਰੁੱਚੀ ਹੋਣਾ।
- ਨਵੀਆਂ ਇਮਾਰਤਾਂ ਦੇ ਨਿਰਮਾਣ ਵੱਲ ਜ਼ਿਆਦਾ ਧਿਆਨ ਦੇਣਾ।
- ਨਿਰਮਲ ਹਸਪਤਾਲ (NAH), ਨਿਰਮਲ ਸਕੂਲ (NDS), ਨਿਰਮਲ ਅਕੈਡਮੀ (NGA) ਅਤੇ ਨਿਰਮਲ ਅੱਖਾਂ ਦਾ ਹਸਪਤਾਲ (NEI) ਦਾ ਸੰਚਾਲਨ ਕਰਨਾ।
- ਆਸ਼ਰਮ ਦੀਆਂ ਸਾਰੀਆਂ ਸ਼ਾਖਾਵਾਂ ਦਾ ਪ੍ਰਬੰਧ, ਦੇਖ-ਰੇਖ ਅਤੇ ਮਾਰਗ ਦਰਸ਼ਨ ਕਰਨਾ।



ਸੰਤ ਧਰਮ ਸਿੰਘ ਜੀ

ਆਪ ਜੀ ਦਾ ਜਨਮ, ਸੰਨ 1902 ਈ. ਵਿੱਚ ਪਿੰਡ ਲਾਂਡਰਾਂ, ਜਿਲ੍ਹਾ ਮੋਹਾਲੀ (ਪੰਜਾਬ) ਵਿੱਖੇਹੋਇਆ।ਅ ਾਪਜ ਿਨ ੇਸ ੰਤਿ ਨਹਚਲ ਸਿੰਘ ਜੀ 'ਸਰਗੋਧੇ ਵਾਲਿਆਂ' ਤੋਂ ਸਿੱਖਿਆ-ਦੀਖਿਆ ਪ੍ਰਾਪਤ ਕੀਤੀ ਜੋ ਕਿ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਅਨਿੰਨ ਸੇਵਕ ਸਨ। ਸੰਤ ਧਰਮ ਸਿੰਘ ਜੀ ਨੇ ਸਾਰਾ ਜੀਵਨ, ਨਿਰਮਲ ਆਸ਼ਰਮ ਦੀ ਦੇਖ-ਰੇਖ ਕਰਦਿਆਂ, ਨਿਸ਼ਕਾਮ ਸੇਵਾ ਵਿੱਚ ਗੁਜਾਰਿਆ। ਪ੍ਰਭੂ ਹੁਕਮ ਅਨੁਸਾਰ 30 ਮਈ, ਸੰਨ 1994 ਈ. ਵਿੱਚ ਆਪ ਜੀ ਨਿਰਮਲ ਕੁਟੀਆ, ਪਿੰਡ ਖੋਖ (ਨਜ਼ਦੀਕ ਨਾਭਾ) ਵਿਖੇ ਬ੍ਰਹਮਲੀਨ ਹੋ ਗਏ।



ਸੰਤ ਕਰਤਾਰ ਸਿੰਘ ਜੀ

ਆਪ ਜੀ ਵੀਹਵੀਂ ਸਦੀ ਦੇ ਆਰੰਭ ਵਿੱਚ ਪਿੰਡ ਦਾਨ- ਗੜ੍ਹ, ਜਿਲ੍ਹਾ ਸੰਗਰੂਰ ਵਿਖੇ, ਇੱਕ ਗੁਰਸਿੱਖ ਘਰਾਣੇ 'ਚ ਪੈਦਾ ਹੋਏ। ਆਪ ਜੀ ਨੇ ਸ੍ਰੀਮਾਨ ਸੰਤ ਗਿਆਨੀ ਚੰਦਾ ਸਿੰਘ ਜੀ 'ਕੱਟੂ' ਵਾਲਿਆਂ ਤੋਂ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ। 1960 ਈ. ਦੇ ਕਰੀਬ ਨਿਰਮਲ ਆਸ਼ਰਮ, ਰਿਸ਼ੀਕੇਸ਼ ਦੀਆਂ ਸੇਵਾਵਾਂ ਨਾਲ ਜੁੜੇ ਅਤੇ ਅਪਣਾ ਬਾਕੀ ਜੀਵਨ ਇੱਥੇ ਹੀ ਸਮਰਪਿਤ ਕਰ ਦਿੱਤਾ। ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰਦੇ ਹੋਏ 16 ਅਗਸਤ 1988ਏ ੀ.ਨੂੰ ਪ ੰਜਭ ੌਤਿਕਸ਼ ਰੀਰਿ ਤਆਿਗ ਦਿੱਤਾ।



ਸੰਤ ਭਗਤ ਸਿੰਘ ਜੀ (ਕਰਨਾਲ)

ਆਪ ਜੀ ਦਾ ਜਨਮ ਲੱਗਭੱਗ ਸੰਨ 1880 ਈ. ਵਿੱਚ ਪਿੰਡ ਤਖ਼ਤ-ਹਜ਼ਾਰਾ, ਜਿਲ੍ਹਾ ਸਰਗੋਧਾ (ਹੁਣ ਪਾਕਿਸਤਾਨ) ਵਿੱਚ ਹੋਇਆ। ਪ੍ਰੇਮਾ-ਭਗਤੀ ਅਤੇ ਵੇਦਾਂਤ ਦਰਸ਼ਨ ਦੇ ਮੂਰਤੀਮਾਨ ਸ੍ਵਰੂਪ ਸੰਤ ਜੀ ਨੂੰ ਮਨ, ਬਚਨ ਅਤੇ ਕਰਮ ਕਰਕੇ ਸਿੱਧੀ ਪ੍ਰਾਪਤ ਸੀ। ਸੁਆਸ ਸੁਆਸ ਵਿੱਚ ਵੱਸੇ 'ਰਾਮ' ਮੰਤਰ ਦੀ ਮਧੁਰ ਧੁਨੀ, ਆਪ ਜੀ ਦੀ ਰਸਨਾ ਤੇ ਨਿਰੰਤਰ ਵਹਿੰਦੀ ਸੀ। ਆਤਮ ਗਿਆਨ ਦੀ ਪ੍ਰਾਪਤੀ ਆਪ ਜੀ ਨੂੰ ਬ੍ਰਹਮ ਗਿਆਨੀ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਤੋਂ ਪ੍ਰਾਪਤ ਹੋਈ ਜਿਨ੍ਹਾਂ ਪ੍ਰਤੀ ਆਪ ਜੀ ਦੀ ਅਥਾਹ ਸ਼ਰਧਾ ਸੀ।



ਸੰਤ ਗੋਪਾਲ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਤਖਤ-ਹਜ਼ਾਰਾ, ਜਿਲ੍ਹਾ ਸਰਗੋਧਾ ਵਿਖੇ ਲੱਗਭੱਗ ਸੰਨ 1908 ਈ. ਵਿੱਚ ਮਾਤਾ ਲਕਸ਼ਮੀ ਦੇਵੀ ਜੀ ਦੀ ਕੁੱਖ ਤੋਂ ਹੋਇਆ। ਆਪ ਜੀ ਨੂੰ ਭਗਤੀ ਦੇ ਸੰਸਕਾਰ ਅਪਣੇ ਪੂਜਨੀਕ ਪਿਤਾ ਸੰਤ ਭਗਤ ਸਿੰਘ ਜੀ ਮਹਾਰਾਜ ਤੋਂ ਮਿਲੇ ਸਨ ਪ੍ਰੰਤੂ ਹਿਰਦੇ ਵਿੱਚ ਗੁਰਬਾਣੀ ਪ੍ਰੇਮ ਦੀ ਲਗਨ ਪੂਜਨੀਕ ਗੁਰੂਦੇਵ 'ਵਿਰੱਕਤ' ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਨੇ ਲਾਈ। ਇਸ ਤੋਂ ਬਾਅਦ ਨਾਮ-ਸਿਮਰਣ, ਗੁਰੂ-ਭਗਤੀ, ਅਰਾਧਨਾ ਅਤੇ ਸਾਧਨਾ ਦੇ ਮਾਰਗ ਤੇ ਚਲਦੇ ਹੋਏ, ਗੁਰੂ ਕ੍ਰਿਪਾ ਦੁਆਰਾ ਪੂਰਨ ਪਦਵੀ ਨੂੰ ਪ੍ਰਾਪਤ ਹੋਏ। ਸ਼ਰੀਰ ਦਾ ਦਾਹ ਸੰਸਕਾਰ ਛੋਟੀ ਕੁਟੀਆ ਕਰਨਾਲ ਵਿਖੇ ਕੀਤਾ ਗਿਆ।



ਸੰਤ ਦਰਸ਼ਨ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਚੱਕ-ਮੱਲਾਂ, ਜਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਗੁਰਮਤਿ ਦਰਸ਼ਨ ਦੇ ਅਨੁਭਵੀ, ਗੁਰਬਾਣੀ ਦੇ ਸ਼ੁੱਧ ਉਚਾਰਕ ਅਤੇ ਸੰਪ੍ਰਦਾਈ ਅਰਥਾਂ ਦੇ ਗਿਆਨੀ ਸਨ। ਆਪ ਜੀ ਦੇ ਸੁਭਾਅ ਵਿੱਚ ਸਹਣਸ਼ੀਲਤਾ, ਸਰਲਤਾ, ਨਿੰਮਰਤਾ, ਸਾਦਗੀ, ਸਹਜਤਾ ਅਤੇ ਸੰਜਮ ਆਦਿ ਸ਼ੁੱਭ ਗੁਣ ਕੁਦਰਤ ਵੱਲੋਂ ਹੀ ਭਰਪੂਰ ਸਨ। ਆਪ ਜੀ ਸਦੈਵ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਦੀ ਆਗਿਆ ਵਿੱਚ ਨਿਰਮਾਣਤਾ ਨਾਲ ਰਹੇ। ਇਲਾਹੀ ਹੁਕਮ ਅਨੁਸਾਰ 25 ਦਿਸੰਬਰ ਸੰਨ 1978 ਈ. ਨੂੰ ਨਿਰਮਲ ਕੁਟੀਆ, ਕਰਨਾਲ ਵਿਖੇ ਬ੍ਰਹਮਲੀਨ ਹੋ ਗਏ। ਇੱਥੇ ਹੀ ਸ਼ਰੀਰ ਦਾ ਦਾਹ ਸੰਸਕਾਰ ਕੀਤਾ ਗਿਆ।



ਸੰਤ ਗੁਰਿੰਦਰ ਸਿੰਘ ਜੀ (ਛੋਟੂ ਬਾਬਾ)

ਆਪ ਜੀ ਦਾ ਸ਼ਰੀਰ ਗੋਰਾਇਆ ਨਗਰ ਦਾ ਹੈ। ਅਪਣੇ ਮਾਤਾ-ਪਿਤਾ ਦੇ ਸੰਗ ਤੋਂ ਧਾਰਮਿਕ ਪ੍ਰਭਾਵ ਅਤੇ ਸਾਧੂ-ਸੇਵਾ ਦਾ ਮਹਾਤਮ ਗ੍ਰਹਿਣ ਕੀਤਾ। ਬਚਪਨ ਤੋਂ ਹੀ ਗੁਰਮੁਖ ਪ੍ਰੀਵਾਰ ਦੇ ਨਾਲ ਨਿਰਮਲ ਕੁਟੀਆ, ਤਿਨਹਿਰਾ ਜਾਕੇ ਮਹਾਂਪੁਰਖਾਂ ਦੀ ਸੇਵਾ, ਸਤਿਸੰਗ ਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰਦੇ। ਵਧੇਰੇ ਸਮਾਂ ਪੂਜਯ ਗੁਰੁਦੇਵ ਸੰਤ ਬਾਬਾ ਨਿੱਕਾ ਸਿੰਘ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ। ਸੰਨ 1983 ਈ. ਵਿੱਚ ਸੰਨਿਆਸ ਲਿਆ। ਗੁਰੂ ਆਗਿਆ ਅਨੁਸਾਰ ਕਈ ਸਾਲ ਨਿਰਮਲ ਆਸ਼ਰਮ-ਰਿਸ਼ੀਕੇਸ਼ ਅਤੇ ਇਸ ਨਾਲ ਸੰਬੰਧਤ ਸ਼ਾਖਾਵਾਂ ਦੀ ਸੇਵਾ ਕੀਤੀ। ਵਰਤਮਾਨ ਵਿੱਚ ਉਪਰਾਮ ਰਹਿਕੇ ਪ੍ਰੇਮੀ ਸੰਗਤਾਂ ਵਿੱਚ ਵਿਚਰਦੇ ਰਹਿੰਦੇ ਹਨ।



ਸੰਤ ਚਮਨ ਲਾਲ ਜੀ

ਸ੍ਰੀ ਚਮਨ ਲਾਲ 'ਰਾਜਪਾਲ' ਜੀ ਦਾ ਜਨਮ ਸੰਨ 1919 ਈ. ਵਿੱਚ ਹੋਇਆ। ਸੰਨ 1979 ਈ. ਵਿੱਚ ਸੈਂਟ੍ਰਲ ਬੈਂਕ ਆਫ਼ ਇੰਡੀਆ ਦੇ ਡਿਪਟੀ ਚੀਫ਼ ਅਫ਼ਸਰ ਦੀ ਪਦਵੀ ਤੋਂ ਸੇਵਾ-ਮੁਕਤ ਹੋਣ ਉਪਰੰਤ 1983 ਈ. ਤੱਕ 'ਵਿਰੱਕਤ' ਮਹਾਰਾਜ ਜੀ ਦੀ ਸੇਵਾ ਕਰਦੇ ਰਹੇ। ਸੰਨਿਆਸ ਉਪਰੰਤ 199● ਈ. ਤੱਕ ਨਿਰਮਲ ਬਾਗ਼, ਕਨਖ਼ਲ ਦੇ ਪ੍ਰਬੰਧਕ ਦੇ ਤੌਰ ਤੇ ਸੇਵਾ ਪੂਰੀ ਕੁਸ਼ਲਤਾ ਨਾਲ ਨਿਭਾਈ। ਆਪ ਜੀ ਬਹੁਤ ਹੀ ਮਿਲਾਪੜੇ, ਮਿਠਬੋਲੜੇ, ਹਸਮੁੱਖ, ਦਿਆਲੂ, ਦਾਨੀ ਸੁਭਾਅ ਵਾਲੇ ਅਤੇ ਸਤਿਸੰਗ ਪ੍ਰੇਮੀ ਸਨ। 20 ਅਪ੍ਰੈਲ, ਸੰਨ 1990 ਈ. ਨੂੰ ਸ਼ਰੀਰ ਤਿਆਗ ਕੇ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ। ●



(ਪੰਡਿਤ)
ਸੰਤ ਮਹੇਸ਼ ਚੰਦਰ ਜੀ

ਆਪ ਜੀ ਦਾ ਸਰੀਰ ਪਿੰਡ ਭੱਟੀਵਾਲ-ਕਲਾਂ ਜ਼ਿਲ੍ਹਾ ਸੰਗਰੂਰ (ਪੰਜਾਬ) ਦਾ ਸੀ। ਗੁਰੂਦੇਵ ਸ੍ਰੀਮਾਨ ਸੰਤ ਨਿੱਕਾ ਸਿੰਘ ਜੀ ਨਾਲ ਮਿਲਾਪ ਨਾਭਾ ਵਿਖੇ ਹੋਇਆ। ਸੰਨ 1983 ਈ. ਵਿੱਚ ਸੰਨਿਆਸ ਧਾਰਣ ਕਰਕੇ ਗੁਰੂ ਜੀ ਦੀ ਆਗਿਆ ਅਨੁਸਾਰ ਨਿਰਮਲ ਬਾਗ-ਕਨਖ਼ਲ ਵਿਖੇ ਰਹਿਕੇ ਸੇਵਾ ਕਰਦੇ ਰਹੇ। ਆਪ ਜੀ ਗੁਰੂ ਬਚਨਾਂ ਦੀ ਕਮਾਈ ਕਰਦੇ ਹੋਏ ਨਿਰਮਲ ਬਾਗ-ਕਨਖਲ ਵਿਖੇ ਗਊਸ਼ਾਲਾ, ਖੇਤੀ-ਬਾੜੀ ਅਤੇ ਬਾਗ-ਬਗੀਚੇ ਦੀ ਅਣਥੱਕ ਸੇਵਾ ਪੂਰੀ ਲਗਨ, ਸ਼ਰਧਾ ਅਤੇ ਪ੍ਰੇਮ ਨਾਲ ਕਰਦੇ ਰਹੇ। ਗੁਰੂ ਭਾਣੇ ਅਨੁਸਾਰ 9 ਫਰਵਰੀ 2006 ਨੂੰ ਦੇਹ ਤਿਆਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ●



ਸੰਤ ਭਰਤ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਬੀਬੀਆਪੁਰ ਜ਼ਿਲ੍ਹਾ ਗੌਂਡਾ (ਯੂ.ਪੀ.) ਵਿਖੇ ਹੋਇਆ। ਆਪ ਦੇ ਪਿਤਾ ਸ੍ਰੀ ਦੇਵਕੀ ਨੰਦਨ ਅਤੇ ਮਾਤਾ ਰਾਜਪਤੀ ਦੇਵੀ ਜੀ ਬ੍ਰਾਹਮਣ ਪ੍ਰੀਵਾਰ ਦੇ ਸਨ। 'ਵਿਰੱਕਤ' ਮਹਾਰਾਜ ਜੀ ਦੇ ਹੁਕਮ ਅਨੁਸਾਰ ਸੰਨ 1980 ਈ. ਵਿੱਚ ਕਾਸ਼ੀ ਪਹੁੰਚ ਕੇ ਸੰਸਕ੍ਰਿਤ ਅਤੇ ਹੋਰ ਸ਼ਾਸਤਰਾਂ ਦੀ ਵਿਦਿਆ ਪ੍ਰਾਪਤ ਕੀਤੀ। ਹੁਣ ਅਕਤੂਬਰ 1996 ਤੋਂ ਨਿਰਮਲ ਬਾਗ ਕਨਖ਼ਲ ਅਤੇ ਸੰਗਤ ਗਿਆਨ ਗੁਫਾ-ਬਨਾਰਸ ਦੀ ਹਰ ਪ੍ਰਕਾਰ ਨਾਲ ਸੇਵਾ-ਸੰਭਾਲ ਬੜੀ ਜਿੰਮੇਵਾਰੀ ਨਾਲ ਨਿਭਾ ਰਹੇ ਹਨ। ●



ਸੰਤ ਨਿਰਭਿੰਦਰ ਸਿੰਘ ਜੀ
'ਸਰਪੰਚ'

ਆਪ ਜੀ ਦਾ ਜਨਮ 3● ਮਾਰਚ, ਸੰਨ 1946 ਈ. ਨੂੰ ਪਿੰਡ ਬਿਸ਼ਨਪੁਰਾ (ਲੋਪੋ) ਜਿਲਾ ਪਟਿਆਲਾ ਵਿਖੇ ਇੱਕ ਗੁਰਸਿੱਖ ਪ੍ਰੀਵਾਰ ਵਿੱਚ ਹੋਇਆ। ਸੰਨ 1966 ਈ. ਵਿੱਚ ਸ਼ਾਦੀ ਹੋਈ। ਕੁੱਝ ਸਮਾਂ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਦੀ ਸੰਗਤ ਕਰਦੇ ਰਹੇ। ਫਿਰ ਪਵਿੱਤ੍ਰ ਆਤਮਾ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਅਲਾਹੀ ਕੀਰਤਨ ਅਤੇ ਉਪਦੇਸ਼ਾਂ ਤੋਂ ਕਾਫੀ ਪ੍ਰਭਾਵਿਤ ਹੋਏ। ਵੀਹ ਕੁ ਸਾਲ ਦੀ ਉਮਰ ਵਿੱਚ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੀ ਚਰਨ-ਛੋਹ ਪ੍ਰਾਪਤ ਹੋਈ ਅਤੇ ਗੁਰੂ ਕ੍ਰਿਪਾ ਦੁਆਰਾ ਅਪਣੀ ਜਮੀਨ 'ਚ ਗੁਰਦੁਆਰਾ ਸਾਹਿਬ ਅਤੇ ਨਿਰਮਲ ਕੁਟੀਆ ਦੀ ਸਥਾਪਨਾ ਕੀਤੀ। ਗੁਰਬਾਣੀ ਦੀ ਮੁੱਢਲੀ ਵਿੱਦਿਆ ਭਾਈ ਭਗਵਾਨ ਸਿੰਘ ਜੀ ਮਲ੍ਹੇਵਾਲ ਵਾਲਿਆਂ ਤੋਂ ਪ੍ਰਾਪਤ ਕੀਤੀ। ਗੁਰੂ ਆਗਿਆ ਅਨੁਸਾਰ ਪਿੰਡ ਅਸਰਪੁਰ ਦੇ ਪ੍ਰੇਮੀਆਂ ਨੂੰ ਪੂਰੀ ਲਗਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ ਕਰਵਾਈ। ਕੁੱਝ ਸਮਾਂ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਰਹਿਕੇ ਸੇਵਾ ਕਰਦੇ ਰਹੇ। ਸੰਨ 1994 ਵਿੱਚ ਮੁੰਬਈ ਕੁਟੀਆ ਦੀ ਸੇਵਾ ਸੰਭਾਲ ਦੇ ਨਾਲ-ਨਾਲ 'ਅਸਚਰਜ ਵਸਤੂ' ਪੋਥੀ ਲਿਖਣ ਦੀ ਸੇਵਾ ਵੀ ਚਲਦੀ ਰਹੀ। ਪੰਜ ਕੁ ਸਾਲ ਦੀ ਅਣਥੱਕ ਸੇਵਾ ਉਪ੍ਰੰਤ ਆਪ ਜੀ ਨੂੰ ਰਿਸ਼ੀਕੇਸ਼ ਬੁਲਾਇਆ ਗਿਆ ਜਿੱਥੇਪੂ ਜਨੀਕਮ ਹਾਰਾਜਜ ਨਿੇ ਅ ਾਪਦ ਸਿੇਵਾ ਅਤੇ ਤਿਆਗ ਨੂੰ ਦੇਖਦੇ ਹੋਏ ਸੰਨਿਆਸ ਦੇ ਕੇ ਸੰਤ ਥਾਪ ਦਿੱਤਾ। ਉਦੋਂ ਤੋਂ ਹੀ ਨਿਰਮਲ ਕੁਟੀਆ ਕਰਨਾਲ ਦੀ ਸੇਵਾ ਸੰਭਾਲ ਬੜੇ ਹੀ ਸੁਚੱਜੇ ਢੰਗ ਨਾਲ ਨਿਭਾ ਰਹੇ ਹਨ। ●



ਸੰਤ ਕੰਵਲਇੰਦਰ ਸਿੰਘ ਜੀ

ਆਪ ਜੀ ਦਾ ਜਨਮ 25 ਕੱਤਕ, ਸੰਨ 1949 ਨੂੰ ਪਿੰਡ ਬਾਂਸਾ (ਜਿਲ੍ਹਾ ਕਰਨਾਲ) ਵਿਖੇ ਹੋਇਆ। ਬਾਰ੍ਹਵੀਂ ਤੱਕ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਖਾਨਦਾਨੀ ਕਿੱਤਾ-ਖੇਤੀ-ਬਾੜੀ ਕੀਤੀ। ਅਕਤੂਬਰ 1983 ਨੂੰ ਹੇਮਕੁੰਟ ਸਾਹਿਬ ਦੀ ਯਾਤ੍ਰਾ ਸਮੇਂ ਨਿਰਮਲ ਆਸ਼ਰਮ, ਰਿਸ਼ੀਕੇਸ਼ ਵਿਖੇ ਠਹਿਰਣ ਦਾ ਮੌਕਾ ਮਿਲਿਆ ਤਾਂ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ। ਉਪ੍ਰੰਤ ਮਹਾਰਾਜ ਜੀ ਦੀ ਪੰਜਾਬ ਯਾਤ੍ਰਾ ਦੌਰਾਨ ਪਟਿਆਲਾ, ਧਨੌਲਾ ਆਦਿ ਸਥਾਨਾਂ ਤੇ ਜਾਕੇ ਦਰਸ਼ਨ ਕਰਦੇ ਰਹੇ। ਇੱਕ ਸਮੇਂ ਗੋਰਾਇਆ ਤੋਂ ਸੰਗਤ ਦੇ ਨਾਲ, ਮਹਾਰਾਜ ਜੀ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਵੀ ਗਏ। ਹੌਲੀ ਹੌਲੀ ਵੈਰਾਗ ਵਧਦਾ ਗਿਆ, ਫਲਸਰੂਪ ਆਪ ਜੀ ਨੇ ਅਪਣੀ ਜੁੰਡਲਾ ਸਥਿੱਤ ਨਿੱਜੀ ਜਮੀਨ (23 ਏਕੜ) ਪੂਜਨੀਕ ਮਹਾਰਾਜ ਜੀ ਦੇ ਚਰਨਾਂ ਤੇ ਸਮਰਪਿਤ ਕਰ ਦਿੱਤੀ। ਰਿਸ਼ੀਕੇਸ਼ ਸੰਨ 1992 ਦੀ ਬਰਸੀ ਤੇ ਨਾਮ ਦੀ ਦਾਤ ਪ੍ਰਾਪਤ ਹੋਈ। ਆਪ ਦੀ ਮਾਨਸਿਕ ਦਸ਼ਾਓ੍ ਪਰਾਮਤਾਵ ਾਲੀਦ ੇਖਦੇਹ ੋਏ8 .8.1997 ਨੂੰ ਪੂਜਨੀਕ ਮਹਾਰਾਜ ਜੀ ਨੇ ਆਪ ਨੂੰ ਸੰਨਿਆਸੀ ਬਾਣਾ ਪਹਿਨਾ ਦਿੱਤਾ। ਉਸ ਦਿਨ ਤੋਂ ਹੀ ਗੁਰੂ ਆਗਿਆ ਅਨੁਸਾਰ ਨਿਰਮਲ ਕੁਟੀਆ ਕਰਨਾਲ ਵਿਖੇ ਸ੍ਰੀ ਸਰਪੰਚ ਮਹਾਰਾਜ ਜੀ ਨਾਲ ਸੇਵਾ ਕਰਵਾ ਰਹੇ ਹਨ। 8 ਨਵੰਬਰ 2●●9 ਨੂੰ ਪੂਜਨੀਕ ਮਹਾਰਾਜ ਜੀ ਨੇ ਜੁੰਡਲੇ ਵਾਲੀ ਜਮੀਨ ਤੇ ਨਿਰਮਲ ਕੁਟੀਆ ਦਾ ਨੀਂਹ ਪੱਥਰ ਰਖ ਕੇ ਆਪ ਦੀ ਸੇਵਾ ਨੂੰ ਪ੍ਰਮਾਣੀਕ ਬਣਾ ਦਿੱਤਾ। ●



ਸੰਤ ਅਮਰੀਕ ਦੇਵ ਜੀ

ਆਪ ਜੀ ਦਾ ਜਨਮ 2● ਅਕਤੂਬਰ ਸੰਨ 1934 ਈ. ਨੂੰ ਪਿੰਡ ਕੀਲੇ, ਜਿਲ੍ਹਾ ਸ਼ੇਖ਼ੂਪੁਰਾ (ਹੁਣ ਪਾਕਿਸਤਾਨ) ਵਿਖੇ ਹੋਇਆ। ਦੇਸ਼ ਦੀ ਵੰਡ ਉਪ੍ਰੰਤ ਸਾਰਾ ਪ੍ਰੀਵਾਰ ਕਰਨਾਲ ਆ ਵੱਸਿਆ। ਛੋਟੀ ਉਮਰੇ ਹੀ ਰੋਟੀ-ਰੋਜ਼ੀ ਕਮਾਉਣ ਲਈ ਕਾਫੀ ਸੰਘਰਸ਼ ਕਰਨਾ ਪਿਆ। ਪਿਤਾ ਸ੍ਰੀ ਲੱਭਾ ਮੱਲ ਜੀ ਅਤੇ ਮਾਤਾ ਸ੍ਰੀਮਤੀ ਕਰਤਾਰ ਕੌਰ ਜੀ ਨੇ ਸੰਤ ਭਗਤ ਸਿੰਘ ਜੀ ਦੀ ਪ੍ਰੇਰਨਾ ਦੁਆਰਾ ਸੰਤ ਬਾਬਾ ਨਿੱਕਾ ਸਿੰਘ ਜੀ ਦੀ ਸੰਗਤ ਕੀਤੀ। ਮਹਾਪੁਰਸ਼ਾਂ ਦੀਆਂ ਆਸੀਸਾਂ ਸਦਕਾ ਦਿਨ ਬ-ਦਿਨ ਤਰੱਕੀ ਹੋਣ ਲੱਗੀ ਅਤੇ ਜਲਦੀ ਹੀ ਉਘੇ ਉਦਯੋਗਪਤੀ ਬਣ ਗਏ। ਅਣਥੱਕ ਗੁਰੂ ਸੇਵਾ, ਗਰੀਬਾਂ ਦੀ ਸਹਾਇਤਾ ਅਤੇ ਦਿਆਲੂ ਸੁਭਾਅ ਨੂੰ ਦੇਖਦੇ ਹੋਏ 'ਵਿਰੱਕਤ' ਜੀ ਨੇ ਇੱਕ ਸਮੇਂ ਬਚਨ ਕਰਦਿਆਂ ਕਿਹਾ 'ਅਮਰੀਕ ਚਿੱਟੇ ਕੱਪੜਿਆਂ ਵਿੱਚ ਸੰਤ ਹੈ।' ਉਹੀ ਬਚਨ ਅੱਜ ਸਾਕਾਰ ਹਨ। 'ਵਿਰੱਕਤ' ਮਹਾਰਾਜ ਜੀ ਦੇ ਸਰੀਰ ਸ਼ਾਂਤ ਉਪ੍ਰੰਤ ਉਨ੍ਹਾਂ ਦੀ ਪਵਿੱਤ੍ਰ ਯਾਦ ਵਿੱਚ ਕਰਨਾਲ ਵਿਖੇ ਤਿੰਨ (ਮੁਫਤ) ਸਕੂਲ, ਬਿਰਧ ਆਸ਼ਰਮ ਅਤੇ I.T.I. ਦੀ ਸਥਾਪਨਾ ਕੀਤੀ। ਸੇਵਾ ਦੇ ਕਾਰਜ ਕਰਦਿਆਂ ਜਦੋਂ ਮਾਨਸਿਕ ਦਸ਼ਾ ਅਤੀ ਜਿਆਦਾ ਉਪਰਾਮ ਅਤੇ ਵੈਰਾਗਮਈ ਹੋਣ ਲਗੀ ਤਾਂ ਸੰਨਿਆਸੀ ਬਾਣਾ ਧਾਰਨ ਕਰ ਲਿਆ। ਕਈ ਸਾਲਾਂ ਤੋਂ ਇਸ ਰੰਗ-ਰੱਤੇ ਰੂਪ ਵਿੱਚ ਸੇਵਾ ਕਰ ਰਹੇ ਹਨ। ਪ੍ਰੰਤੂ ਜਦੋਂ ਵੈਰਾਗ ਨੇ ਤੀਬਰ ਵੇਗ ਪਕੜਿਆ ਤਾਂ ਇਨ੍ਹਾਂ ਸਾਰੇ ਸੇਵਾ ਕੇਂਦਰਾਂ ਨੂੰ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਚਰਨਾਂ ਤੇ ਸਮਰਪਿਤ ਕਰ ਦਿੱਤਾ ਅਤੇ ਹੁਣ ਉੱਨ੍ਹਾਂ ਦੀ ਆਗਿਆ ਅਨੁਸਾਰ ਸੇਵਾ ਨਿਭਾ ਰਹੇ ਹਨ। ●

# Nirmal Ashram

Nirmal Marg-Rishikesh-249 201 Distt. Dehradun (Uttrakhand) India
Phone : +91-135-2439611-13, 2431319, 2433709 Fax : 2430457
e-mail : satnam@nirmalashram.org Web : www.nirmalashram.org.in



PUBLISHED BY ARJAN GURBUXANI CEO NIRMAL ASHRAM RISHIKESH & PRINTED AT SANCHI PRESS, PATPARGANJ, NEW DELHI, TYPE SETTING BY HARPREET SINGH (M) 09466217773